## ਹਿਮਾਚਲ ਪ੍ਰਦੇਸ਼ 'ਚ 279 ਗ੍ਰਾਮ ਚਰਸ ਜ਼ਬਤ, ਨੌਜਵਾਨ ਗ੍ਰਿਫ਼ਤਾਰ

ਧਰਮਸ਼ਾਲਾ, 9 ਜੂਨ (ਪ੍ਰਤੀਨਿਧੀ) : ਹਿਮਾਚਲ ਪ੍ਰਦੇਸ਼ ਸਰਕਾਰ ਦੀ 'ਨਸ਼ਾ ਮੁਕਤ ਹਿਮਾਚਲ ਮੁਹਿੰਮ' ਤਹਿਤ ਨਸ਼ੀਲੇ ਪਦਾਰਥਾਂ ਦੀ ਤਸਕਰੀ 'ਤੇ ਇਕ ਵੱਡੀ ਕਾਰਵਾਈ ਕਰਦਿਆਂ, ਦੇਹਰਾ ਪੁਲਿਸ ਨੇ ਇਕ 23 ਸਾਲਾ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਸ ਕੋਲੋਂ 279 ਗ੍ਰਾਮ ਚਰਸ ਜ਼ਬਤ ਕੀਤੀ। ਦੇਹਰਾ ਦੇ ਪੁਲਿਸ ਸੁਪਰਡੈਂਟ ਮਯੰਕ ਚੌਧਰੀ ਨੇ ਦੱਸਿਆ ਕਿ ਦੇਹਰਾ ਪੁਲਿਸ ਸਟੇਸ਼ਨ ਦੀ ਇਕ ਟੀਮ ਨੇ ਤਲਾਈ ਕੁਰੂ ਖੇਤਰ 'ਚ ਨਿਯਮਿਤ ਗਸ਼ਤ ਅਤੇ ਜਾਂਚ ਦੌਰਾਨ ਸ਼ੱਕ ਦੇ ਆਧਾਰ 'ਤੇ ਇਕ ਸ਼ੱਕੀ ਨੂੰ ਰੋਕਿਆ।

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com DAILY CHARHDIKALA, NEW DELHI Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ' ਸੰਪਾਦਕ : ਜਸਕੀਰਤ ਸਿੰਘ

## ਬਾਰਾਮੂਲਾ ਵਿੱਚ ਹਥਿਆਰ ਅਤੇ ਗੋਲਾ-ਬਾਰੂਦ ਬਰਾਮਦ

ਸ੍ਰੀਨਗਰ, 9 ਜੂਨ (ਪ੍ਰਤੀਨਿਧੀ) : ਜੰਮੂ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ 'ਚ ਸੁਰੱਖਿਆ ਫ਼ੋਰਸਾਂ ਨੇ 2 ਪਿਸਤੌਲ ਅਤੇ ਕੁਝ ਕਾਰਤੂਸ ਬਰਾਮਦ ਕੀਤੇ ਹਨ। ਪੁਲਿਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਿਸ ਨੇ ਦੱਸਿਆ ਕਿ ਬਾਰਾਮੂਲਾ ਪੁਲਿਸ ਨੇ 52 ਰਾਸ਼ਟਰੀ ਰਾਈਫਲਜ਼ (ਆਰਆਰ) ਨਾਲ ਮਿਲ ਕੇ ਗੈਰ-ਕਾਨੂੰਨੀ ਹਥਿਆਰ ਤਸਕਰੀ ਦੀ ਕੋਸ਼ਿਸ਼ ਨੂੰ ਅਸਫ਼ਲ ਕਰਦੇ ਹੋਏ ਚਾਂਦਸੂਮਾ, ਕਨਿਸਪੋਰਾ ਇਲਾਕੇ ਤੋਂ ਇਕ ਵਿਦੇਸ਼ੀ ਨਿਰਮਿਤ ਪਿਸਤੌਲ ਬਰਾਮਦ ਕੀਤੀ।

PRGI (RNI) Regd. No. 57283/1994 ਸਾਲ/ year 31 ਅੰਕ ਨੰ. Volume No : 159 ਨਵੀਂ ਦਿੱਲੀ, ਬੁੱਧਵਾਰ 10 ਜੂਨ, 2026, Wednesday 10 June, 2026 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936


# ਭਾਰਤ ਨੇ ਪਹਿਲੀ ਵਾਰ ਤਾਇਨਾਤ ਕੀਤੇ 12 ਪ੍ਰਮਾਣੂ ਹਥਿਆਰ !

## ਦੇਸ਼ ਦੇ ਪ੍ਰਮਾਣੂ ਹਥਿਆਰ ਦੀ ਗਿਣਤੀ ਦੋ ਸਾਲਾਂ ਵਿੱਚ 180 ਤੋਂ ਵਧ ਕੇ 190 ਹੋਈ, ਪਾਕਿਸਤਾਨ ਨਾਲੋਂ 20 ਵੱਧ।



ਨਵੀਂ ਦਿੱਲੀ, 9 ਜੂਨ (ਪ੍ਰਤੀਨਿਧੀ) : ਭਾਰਤ ਤੇ ਪਾਕਿਸਤਾਨ ਵਿਚਾਲੇ ਪਿਛਲੇ ਸਾਲ 4 ਦਿਨਾਂ ਤੱਕ ਚੱਲੀ ਜੰਗ ਨੂੰ ਹਾਲੇ ਕੋਈ ਨਹੀਂ ਭੁੱਲਿਆ। ਇਸੇ ਦੌਰਾਨ ਦੁਨੀਆ ਭਰ 'ਚ ਹਥਿਆਰਾਂ ਦੀ ਨਿਗਰਾਨੀ ਕਰਨ ਵਾਲੀ ਸੰਸਥਾ 'ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ' ਦੀ ਤਾਜ਼ਾ ਰਿਪੋਰਟ ਮੁਤਾਬਕ, ਭਾਰਤ ਨੇ ਆਪਣੇ ਪ੍ਰਮਾਣੂ ਪ੍ਰੋਗਰਾਮ 'ਚ ਇੱਕ ਵੱਡਾ ਬਦਲਾਅ ਕੀਤਾ ਹੈ। ਭਾਰਤ ਨੇ ਪਹਿਲੀ ਵਾਰ ਘੱਟੋ-ਘੱਟ 12 ਪ੍ਰਮਾਣੂ ਹਥਿਆਰਾਂ ਨੂੰ ਆਪ੍ਰੇਸ਼ਨਲ ਤੌਰ 'ਤੇ ਤਾਇਨਾਤ ਕੀਤਾ ਹੈ। ਅਜਿਹਾ ਇਤਿਹਾਸ 'ਚ ਪਹਿਲੀ ਵਾਰ ਹੋਇਆ ਹੈ। ਇਸ ਤੋਂ ਪਹਿਲਾਂ ਪ੍ਰਮਾਣੂ ਹਥਿਆਰਾਂ ਅਤੇ ਉਨ੍ਹਾਂ ਨੂੰ ਲਿਜਾਣ ਵਾਲੇ ਲਾਂਚਰਾਂ ਨੂੰ ਵੱਖ-ਵੱਖ ਸਟੋਰੇਜ ਵਿੱਚ ਰੱਖਿਆ ਜਾਂਦਾ ਸੀ। ਰਿਪੋਰਟਾਂ ਅਨੁਸਾਰ, ਜਨਵਰੀ 2026 ਤੱਕ ਭਾਰਤ ਦੇ ਕੁੱਲ ਪ੍ਰਮਾਣੂ ਹਥਿਆਰਾਂ ਦੀ ਗਿਣਤੀ 190 ਤੱਕ ਪਹੁੰਚ ਗਿਆ ਹੈ। ਪਿਛਲੀਆਂ ਰਿਪੋਰਟਾਂ 'ਚ ਭਾਰਤ ਦੇ ਇਨ੍ਹਾਂ ਹਥਿਆਰਾਂ ਨੂੰ ਸਿਰਫ਼ 'ਸਟਾਕਪਾਈਲਡ' ਸ਼੍ਰੇਣੀ 'ਚ ਰੱਖਿਆ ਜਾਂਦਾ ਸੀ, ਪਰ ਹੁਣ 12 ਹਥਿਆਰਾਂ ਨੂੰ ਸਿੱਧਾ ਡਿਲੀਵਰੀ ਸਿਸਟਮ ਨਾਲ ਜੋੜ ਕੇ ਤਿਆਰ ਬਰ ਤਿਆਰ ਹਾਲਤ ਵਿੱਚ ਰੱਖਿਆ ਗਿਆ ਹੈ। ਰਿਪੋਰਟ 'ਚ ਇਹ ਵੀ ਸੰਕੇਤ ਦਿੱਤਾ ਗਿਆ ਹੈ ਕਿ ਭਾਰਤ ਨੇ ਇਹ ਪ੍ਰਮਾਣੂ ਹਥਿਆਰ ਕਿਸੇ ਸਿੰਗਲ 'ਐੱਸ.ਐੱਸ.ਬੀ.ਐੱਨ.' (ਪ੍ਰਮਾਣੂ ਮਿਜ਼ਾਈਲਾਂ ਨਾਲ ਲੈਸ ਪਣਡੁੱਬੀ) 'ਤੇ ਤਾਇਨਾਤ ਕੀਤੇ ਹਨ, ਜੋ ਕਦੇ-ਕਦੇ ਨਿਗਰਾਨੀ ਗਸ਼ਤ 'ਤੇ ਨਿਕਲਦੀ ਹੈ। ਭਾਰਤ ਨੇ ਅਗਸਤ 2024 ਤੋਂ 2 ਪ੍ਰਮੁੱਖ ਪ੍ਰਮਾਣੂ ਪਣਡੁੱਬੀਆਂ- 'ਆਈ.ਐੱਨ.ਐੱਸ. ਅਰੀਘਾਤ' ਅਤੇ 'ਆਈ.ਐੱਨ.ਐੱਸ. ਅਰੀਦਮਨ' ਨੂੰ ਪੂਰੀ ਤਰ੍ਹਾਂ ਆਪ੍ਰੇਸ਼ਨਲ ਕਰ ਦਿੱਤਾ ਹੈ, ਜੋ ਪ੍ਰਮਾਣੂ ਮਿਜ਼ਾਈਲਾਂ ਲਿਜਾਣ ਦੇ ਸਮਰੱਥ ਹਨ।

# 5 ਦਿਨਾਂ ਦੌਰਾਨ 13 ਸੂਬਿਆਂ ਵਿੱਚ ਪਹੁੰਚਿਆ ਮਾਨਸੂਨ, ਐਮਪੀ-ਯੂਪੀ 'ਚ ਤੂਫ਼ਾਨ ਅਤੇ ਮੀਂਹ

## ਕੇਰਲ ਅਤੇ ਕਰਨਾਟਕ ਵਿੱਚ ਮੀਂਹ ਦਾ ਰੈਡ ਅਲਰਟ, ਰਾਜਸਥਾਨ ਲਈ ਲੂ ਦਾ ਅਲਰਟ



ਨਵੀਂ ਦਿੱਲੀ, 9 ਜੂਨ (ਪ੍ਰਤੀਨਿਧੀ) : ਦੱਖਣ-ਪੱਛਮੀ ਮੌਨਸੂਨ ਦੇਸ਼ ਭਰ ਵਿਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਮੌਸਮ ਵਿਭਾਗ ਦੇ ਅਨੁਸਾਰ, ਪੰਜ ਦਿਨਾਂ ਵਿਚ ਮੌਨਸੂਨ 13 ਰਾਜਾਂ ਵਿਚ ਪਹੁੰਚ ਗਿਆ ਹੈ। ਇਹ ਸੋਮਵਾਰ ਨੂੰ ਤੇਲੰਗਾਨਾ ਵਿਚ ਦਾਖਲ ਹੋਇਆ। ਪੱਛਮੀ ਤੱਟ 'ਤੇ, ਮੌਨਸੂਨ ਇਸ ਸਮੇਂ ਮੁੰਬਈ ਤੋਂ 150 ਕਿਲੋਮੀਟਰ ਦੂਰ ਹੈ ਅਤੇ ਅਗਲੇ 48 ਘੰਟਿਆਂ ਦੇ ਅੰਦਰ ਸ਼ਹਿਰ ਵਿਚ ਆ ਸਕਦਾ ਹੈ।ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਸਮੇਤ ਕਈ ਰਾਜਾਂ ਵਿੱਚ ਮਾਨਸੂਨ ਤੋਂ ਪਹਿਲਾਂ ਦੀ ਬਾਰਿਸ਼ ਹੋ ਰਹੀ ਹੈ। ਮੱਧ ਪ੍ਰਦੇਸ਼ ਦੇ ਭੋਪਾਲ ਵਿੱਚ ਸੋਮਵਾਰ ਨੂੰ ਮੀਂਹ ਪਿਆ। ਯੂਪੀ ਦੇ ਗੋਰਖਪੁਰ ਅਤੇ ਜਲੌਨ ਵਿੱਚ ਵੀ ਭਾਰੀ ਬਾਰਿਸ਼ ਹੋਈ। ਰਾਜਸਥਾਨ ਦੇ ਕੁਝ ਹਿੱਸਿਆਂ ਵਿੱਚ 60 ਤੋਂ 120 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲੀਆਂ।ਇਸ ਦੌਰਾਨ, ਰਾਜਸਥਾਨ ਦੇ ਪੱਛਮੀ ਜ਼ਿਲ੍ਹਿਆਂ ਲਈ ਹੀਟਵੇਵ ਅਲਰਟ ਜਾਰੀ ਕੀਤਾ ਗਿਆ ਹੈ। ਸੋਮਵਾਰ ਨੂੰ, ਸ੍ਰੀ ਗੰਗਾਨਗਰ ਵਿੱਚ ਤਾਪਮਾਨ 45.6 ਡਿਗਰੀ ਸੈਲਸੀਅਸ ਤੱਕ ਪਹੁੰਚ ਗਿਆ। ਫਲੋਦੀ ਵਿੱਚ 44.8 ਡਿਗਰੀ ਸੈਲਸੀਅਸ ਅਤੇ ਜੈਸਲਮੇਰ ਅਤੇ ਬੀਕਾਨੇਰ ਦੋਵਾਂ ਵਿੱਚ 44 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਮੌਸਮ ਵਿਭਾਗ ਦੇ ਅਨੁਸਾਰ, ਮੰਗਲਵਾਰ ਨੂੰ 15 ਰਾਜਾਂ ਲਈ ਮੀਂਹ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਪੂਰੇ ਕੇਰਲ ਰਾਜ ਅਤੇ ਕਰਨਾਟਕ ਦੇ ਦੋ ਜ਼ਿਲ੍ਹਿਆਂ ਲਈ ਭਾਰੀ ਬਾਰਿਸ਼ ਲਈ 'ਰੈੱਡ ਅਲਰਟ' ਲਾਗੂ ਹੈ।

# ਉੱਤਰ ਭਾਰਤ 'ਚ ਬਦਲੇਗਾ ਮੌਸਮ ਦਾ ਮਿਜਾਜ਼, ਦਿੱਲੀ-ਐਨ.ਸੀ.ਆਰ. 'ਚ ਓਰੇਂਜ ਅਲਰਟ



ਫੋਟੋ:ਹਰਸਿਮਰਨ ਸਿੰਘ

ਨਵੀਂ ਦਿੱਲੀ, 9 ਜੂਨ (ਅੰਮ੍ਰਿਤਪਾਲ ਸਿੰਘ) : ਮੌਸਮ ਵਿਭਾਗ ਨੇ ਦਿੱਲੀ ਲਈ ਵੱਡੀ ਭਵਿੱਖਬਾਣੀ ਜਾਰੀ ਕੀਤੀ ਹੈ। ਮੌਸਮ ਵਿਭਾਗ ਦੇ ਅਨੁਸਾਰ, ਅੱਜ ਮੰਗਲਵਾਰ ਤੋਂ ਦਿੱਲੀ-ਐੱਨਸੀਆਰ 'ਚ ਹਨੇਰੀ ਤੇ ਮੀਂਹ ਆ ਸਕਦੇ ਹਨ। ਆਈਐੱਮਡੀ ਸੰਕੇਤ ਦਿੰਦਾ ਹੈ ਕਿ ਕੱਲ੍ਹ 11 ਜੂਨ ਨੂੰ ਦਿੱਲੀ ਅਤੇ ਐੱਨਸੀਆਰ 'ਚ ਮਹੱਤਵਪੂਰਨ ਮੌਸਮੀ ਗਤੀਵਿਧੀਆਂ ਹੋਣਗੀਆਂ। 70 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੂਫਾਨੀ ਹਵਾਵਾਂ ਚੱਲਣ ਦੀ ਉਮੀਦ ਹੈ, ਜਿਸ ਦੇ ਨਾਲ ਮੀਂਹ ਤੇ ਹਨੇਰੀ ਵੀ ਆਵੇਗੀ। ਵਿਭਾਗ ਦੁਆਰਾ 11 ਜੂਨ ਲਈ 'ਔਰੇਂਜ ਅਲਰਟ' ਜਾਰੀ ਕੀਤਾ ਗਿਆ ਹੈ। ਆਈਐੱਮਡੀ ਨੇ ਭਵਿੱਖਬਾਣੀ ਕੀਤੀ ਹੈ ਕਿ ਦਿੱਲੀ-ਐੱਨਸੀਆਰ 'ਚ ਇਸ ਹਫ਼ਤੇ 13 ਜੂਨ ਤੱਕ ਮੀਂਹ ਹਨੇਰੀ ਜਾਰੀ ਰਹਿ ਸਕਦੀ ਹੈ।

10 ਜੂਨ ਲਈ ਆਪਣੀ ਭਵਿੱਖਬਾਣੀ 'ਚ ਮੌਸਮ ਵਿਭਾਗ ਨੇ ਕਿਹਾ ਕਿ ਦਿੱਲੀ-ਐੱਨਸੀਆਰ 'ਚ ਅੰਸ਼ਕ ਤੌਰ 'ਤੇ ਬੱਦਲਵਾਈ ਹੋ ਸਕਦੀ ਹੈ। ਹਵਾ ਦੀ ਰਫਤਾਰ 20 ਤੋਂ 30 ਕਿਲੋਮੀਟਰ ਪ੍ਰਤੀ ਘੰਟਾ ਦੇ ਵਿਚਕਾਰ ਰਹਿਣ ਦੀ ਉਮੀਦ ਹੈ। ਸ਼ਾਮ ਦੇ ਸਮੇਂ ਮੌਸਮ 'ਚ ਬਦਲਾਅ, ਮੀਂਹ ਹਨੇਰੀ ਦੀ ਸੰਭਾਵਨਾ ਹੈ, ਜਿਸ ਨਾਲ 40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਪਰ ਵਿਭਾਗ ਨੇ ਕਿਹਾ ਕਿ ਤੇਜ਼ ਗਰਮੀ ਤੋਂ ਤੁਰੰਤ ਰਾਹਤ ਨਹੀਂ ਮਿਲੇਗੀ; ਦਿੱਲੀ ਵਿੱਚ ਵੱਧ ਤੋਂ ਵੱਧ ਤਾਪਮਾਨ 42 ਤੋਂ 44 ਡਿਗਰੀ ਸੈਲਸੀਅਸ ਦੇ ਵਿਚਕਾਰ ਦਰਜ ਕੀਤੇ ਜਾਣ ਦਾ ਅਨੁਮਾਨ ਹੈ।

ਮੌਸਮ ਵਿਭਾਗ ਦੇ ਅਨੁਸਾਰ 11 ਜੂਨ ਤੋਂ ਇੱਕ ਮਜ਼ਬੂਤ ਪੱਛਮੀ ਗੜਬੜੀ ਸਰਗਰਮ ਹੋ ਜਾਵੇਗੀ, ਜਿਸ ਨਾਲ ਦਿੱਲੀ-ਐੱਨਸੀਆਰ ਦੇ ਵੱਖ-ਵੱਖ ਹਿੱਸਿਆਂ 'ਚ ਮੌਸਮ ਦੀਆਂ ਸਥਿਤੀਆਂ ਬਦਲ ਜਾਣਗੀਆਂ। 11 ਜੂਨ ਲਈ ਇੱਕ 'ਔਰੇਂਜ ਅਲਰਟ' ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਅੰਸ਼ਕ ਤੌਰ 'ਤੇ ਬੱਦਲਵਾਈ ਅਤੇ ਸ਼ਾਮ ਜਾਂ ਰਾਤ ਨੂੰ ਤੇਜ਼ ਹਨੇਰੀ ਤੇ ਮੀਂਹ ਦੀ ਸੰਭਾਵਨਾ ਹੈ। ਹਵਾਵਾਂ 70 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਸਕਦੀਆਂ ਹਨ। ਹਾਲਾਂਕਿ, ਇਸ ਦਿਨ ਵੱਧ ਤੋਂ ਵੱਧ ਤਾਪਮਾਨ ਅਜੇ ਵੀ 41 ਤੋਂ 43 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿ ਸਕਦਾ ਹੈ। 12 ਜੂਨ ਨੂੰ ਦਿੱਲੀ-ਐੱਨਸੀਆਰ 'ਚ ਪੱਛਮੀ ਗੜਬੜੀ ਦਾ ਪ੍ਰਭਾਵ ਜ਼ੋਰਦਾਰ ਢੰਗ ਨਾਲ ਮਹਿਸੂਸ ਕੀਤਾ ਜਾਵੇਗਾ। ਇਸ ਖੇਤਰ 'ਚ ਅੰਸ਼ਕ ਤੌਰ 'ਤੇ ਬੱਦਲਵਾਈ ਰਹੇਗੀ, ਸਵੇਰੇ ਜਾਂ ਦੁਪਹਿਰ ਤੋਂ ਪਹਿਲਾਂ ਹਲਕੀ ਬਾਰਿਸ਼ ਦੇ ਨਾਲ ਹਨੇਰੀ ਦੀ ਸੰਭਾਵਨਾ ਹੈ। ਇਸ ਦੌਰਾਨ ਹਵਾਵਾਂ 60 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਸਕਦੀਆਂ ਹਨ।

ਦੁਪਹਿਰ ਜਾਂ ਸ਼ਾਮ ਨੂੰ ਮੀਂਹ ਦੇ ਨਾਲ ਤੂਫਾਨ ਅਤੇ ਬਿਜਲੀ ਡਿੱਗਣ ਦੀ ਵੀ ਉਮੀਦ ਹੈ। ਇਸ ਸਬੰਧ ਵਿੱਚ 'ਯੈਲੋ ਅਲਰਟ' ਜਾਰੀ ਕੀਤਾ ਗਿਆ ਹੈ। ਵੱਧ ਤੋਂ ਵੱਧ ਤਾਪਮਾਨ 'ਚ ਕਾਫ਼ੀ ਗਿਰਾਵਟ ਦੀ ਉਮੀਦ ਹੈ, ਜਿਸਦੇ ਨਾਲ ਤਾਪਮਾਨ 34 ਤੋਂ 36 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿਣ ਦੀ ਸੰਭਾਵਨਾ ਹੈ।

## ਕੇਰਲ ਦੇ ਸਾਬਕਾ ਸੀ ਐਮ ਵਿਜਯਨ ਦੀ ਧੀ ਵੀਨਾ ਨੂੰ ਮਨੀ ਲਾਂਡਰਿੰਗ ਮਾਮਲੇ 'ਚ ਈ.ਡੀ. ਦਾ ਸੰਮਨ

ਕੋਚੀ , 9 ਜੂਨ (ਪ੍ਰਤੀਨਿਧੀ) : ਇਨਫੋਰਸਮੈਂਟ ਡਾਇਰੈਕਟੋਰੇਟ ਨੇ ਮਨੀ ਲਾਂਡਰਿੰਗ ਮਾਮਲੇ ਵਿਚ ਕੇਰਲ ਦੇ ਸਾਬਕਾ ਮੁੱਖ ਮੰਤਰੀ ਪਿਨਾਰਾਈ ਵਿਜਯਨ ਦੀ ਧੀ ਵੀਨਾ ਟੀ ਨੂੰ ਪੁੱਛਗਿੱਛ ਲਈ ਇਸ ਹਫ਼ਤੇ ਤਲਬ ਕੀਤਾ ਹੈ। ਇਸ ਦੀ ਜਾਣਕਾਰੀ ਅਧਿਕਾਰੀਆਂ ਨੇ ਮੰਗਲਵਾਰ ਨੂੰ ਦਿੱਤੀ। ਅਧਿਕਾਰੀਆਂ ਦੇ ਅਨੁਸਾਰ ਵੀਨਾ ਨੂੰ 12 ਜੂਨ ਨੂੰ ਇਥੇ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਖੇਤਰ ਦਫ਼ਤਰ ਵਿਚ ਪੇਸ਼ ਹੋਣ ਲਈ ਕਿਹਾ ਗਿਆ ਹੈ। ਉਨ੍ਹਾਂ ਦੀ ਹਾਜ਼ਰੀ 'ਤੇ ਮਨੀ ਲਾਂਡਰਿੰਗ ਰੋਕਥਾਮ ਐਕਤ ਦੇ ਤਹਿਤ ਉਨ੍ਹਾਂ ਦਾ ਬਿਆਨ ਦਰਜ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਏਜੰਸੀ ਨੇ ਇਸ ਮਾਮਲੇ ਵਿਚ ਕੁਝ ਲੋਕਾਂ ਨੂੰ ਵੀ ਸੰਮਨ ਜਾਰੀ ਕੀਤਾ ਹੈ। ਜਾਂਚ ਕੋਚਿਨ ਮਿਨਰਲਜ਼ ਐਂਡ ਰੁਟਾਈਲ ਲਿਮਿਟਿਡ ਅਤੇ ਵੀਨਾ ਦੀ ਹੁਣ ਬੰਦ ਹੋ ਚੁੱਕੀ ਕੰਪਨੀ ਐਕਸਾਲੋਜਿਕ ਸਲਿਊਸ਼ਨਜ਼ ਪ੍ਰਾਈਵੇਟ ਲਿਮਿਟਿਡ ਨਾਲ ਜੁੜੇ ਕਥਿਤ ਮਨੀ ਲਾਂਡਰਿੰਗ ਮਾਮਲੇ ਨਾਲ ਜੁੜੀ ਹੋਈ ਹੈ। ਈਡੀ ਨੇ ਪਿਛਲੇ ਮਹੀਨੇ ਪਿਨਾਰਾਈ ਵਿਜਯਨ ਦੇ ਤਿਰੂਵਨੰਤਪੁਰਮ ਸਥਿਤ ਕਿਰਾਏ ਦੇ ਆਵਾਸ, ਜਿਥੇ ਵੀਨਾ ਰਹਿੰਦੀ ਹੈ, ਸਣੇ ਕਈ ਹੋਰ ਥਾਵਾਂ 'ਚ ਛਾਪੇਮਾਰੀ ਕੀਤੀ ਗਈ। ਈਡੀ ਦੀ ਜਾਂਚ ਉਨ੍ਹਾਂ ਦੋਸ਼ਾਂ ਨਾਲ ਜੁੜੀ ਹੋਈ ਹੈ, ਜਿਸ ਦੇ ਮੁਤਾਬਕ ਸੀਐੱਮਆਰਐੱਲ ਨੇ ਸੂਚਨਾ ਤਕਨਾਲੋਜੀ ਸਲਾਹਕਾਰ ਸੇਵਾਵਾਂ ਦੇ ਨਾਮ 'ਤੇ ਐਕਸਾਲੋਜਿਕ ਸਲਿਊਸ਼ਨਜ਼ ਨੂੰ 2.78 ਕਰੋੜ ਰੁਪਏ ਦੀ ਧੋਖਾਧੜੀ ਵਾਲੀ ਅਦਾਇਗੀ ਕੀਤੀ।

# ਮੋਦੀ ਨੇ ਕੁਵੈਤ ਦੇ ਅਮੀਰ ਨਾਲ ਗੱਲਬਾਤ ਕਰਕੇ ਪੱਛਮੀ ਏਸ਼ੀਆ ਦੀ ਸਥਿਤੀ 'ਤੇ ਕੀਤੀ ਚਰਚਾ



ਨਵੀਂ ਦਿੱਲੀ, 9 ਜੂਨ (ਪ੍ਰਤੀਨਿਧੀ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਕੁਵੈਤ ਦੇ ਅਮੀਰ, ਸ਼ੇਖ ਮਿਸ਼ਾਲ ਅਲ-ਅਹਿਮਦ ਅਲ-ਜਾਬਰ ਅਲ-ਸਬਾਹ ਨਾਲ ਫੋਨ 'ਤੇ ਗੱਲ ਕੀਤੀ, ਜਿਸ ਵਿੱਚ ਪੱਛਮੀ ਏਸ਼ੀਆ ਵਿੱਚ ਉੱਭਰ ਰਹੀ ਸੁਰੱਖਿਆ ਸਥਿਤੀ 'ਤੇ ਚਰਚਾ ਕੀਤੀ ਗਈ ਤੇ ਖੇਤਰ ਵਿੱਚ ਸ਼ਾਂਤੀ ਬਹਾਲ ਕਰਨ ਲਈ ਤਣਾਅ ਘਟਾਉਣ ਅਤੇ ਕੂਟਨੀਤੀ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ।

ਪ੍ਰਧਾਨ ਮੰਤਰੀ ਦਫ਼ਤਰ (ਪੀ.ਐੱਮ.ਓ.) ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਪੱਛਮੀ ਏਸ਼ੀਆ ਵਿੱਚ ਵਧ ਰਹੇ ਤਣਾਅ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਕੁਵੈਤ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ 'ਤੇ ਹਮਲਿਆਂ ਦੀ ਭਾਰਤ ਦੀ ਸਖ਼ਤ ਨਿੰਦਾ ਨੂੰ ਦੁਹਰਾਇਆ। ਬਿਆਨ ਦੇ ਅਨੁਸਾਰ, 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕੁਵੈਤ ਦੇ ਅਮੀਰ, ਸ਼ੇਖ ਮਿਸ਼ਾਲ ਅਲ-ਅਹਿਮਦ ਅਲ-ਜਾਬਰ ਅਲ-ਸਬਾਹ ਨਾਲ ਫ਼ੋਨ 'ਤੇ ਗੱਲ ਕੀਤੀ। ਦੋਵਾਂ ਨੇਤਾਵਾਂ ਨੇ ਪੱਛਮੀ ਏਸ਼ੀਆ 'ਚ ਉੱਭਰ ਰਹੀ ਸੁਰੱਖਿਆ ਸਥਿਤੀ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ। ਪ੍ਰਧਾਨ ਮੰਤਰੀ ਨੇ ਸ਼ਾਂਤੀ ਤੇ ਸਥਿਰਤਾ ਦੀ ਜਲਦੀ ਬਹਾਲੀ ਲਈ ਤਣਾਅ ਘਟਾਉਣ ਤੇ ਗੱਲਬਾਤ ਤੇ ਕੂਟਨੀਤੀ ਦੀ ਵਰਤੋਂ ਦੀ ਅਪੀਲ ਨੂੰ ਦੁਹਰਾਇਆ।' ਮੋਦੀ ਨੇ ਕੁਵੈਤ 'ਚ ਰਹਿੰਦੇ ਵੱਡੇ ਭਾਰਤੀ ਭਾਈਚਾਰੇ ਦੀ ਸੁਰੱਖਿਆ ਲਈ ਨਿੱਜੀ ਤੌਰ 'ਤੇ ਹਾਜ਼ਰ ਹੋਣ ਲਈ ਅਮੀਰ ਦਾ ਧੰਨਵਾਦ ਕੀਤਾ। ਦੋਵਾਂ ਆਗੂਆਂ ਵਿਚਕਾਰ ਇਹ ਗੱਲਬਾਤ 3 ਜੂਨ ਨੂੰ ਕੁਵੈਤ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਈਰਾਨੀ ਹਮਲੇ ਵਿੱਚ ਇੱਕ ਭਾਰਤੀ ਨਾਗਰਿਕ ਦੀ ਮੌਤ ਤੋਂ ਕੁਝ ਦਿਨ ਬਾਅਦ ਹੋਈ। ਇਹ ਹਮਲਾ ਇਜ਼ਰਾਈਲ ਅਤੇ ਈਰਾਨ ਵਿਚਕਾਰ ਵਧਦੇ ਤਣਾਅ ਦੇ ਵਿਚਕਾਰ ਹੋਇਆ। ਇਸ ਤੋਂ ਪਹਿਲਾਂ, 30 ਮਾਰਚ ਨੂੰ, ਕੁਵੈਤ ਵਿੱਚ ਬਿਜਲੀ ਅਤੇ ਪਾਣੀ ਦੇ ਡੀਸੈਲੀਨੇਸ਼ਨ ਪਲਾਂਟ 'ਤੇ ਈਰਾਨੀ ਹਮਲਿਆਂ ਵਿੱਚ ਇੱਕ ਭਾਰਤੀ ਨਾਗਰਿਕ ਦੀ ਮੌਤ ਹੋ ਗਈ ਸੀ।

# ਜੈਪੁਰ 'ਚ ਪਟਾਕਿਆਂ ਦੇ ਗੋਦਾਮ 'ਚ ਲੱਗੀ ਅੱਗ, ਬੱਚੇ ਸਮੇਤ 7 ਦੀ ਹੋਈ ਮੌਤ



ਜੈਪੁਰ , 9 ਜੂਨ (ਪ੍ਰਤੀਨਿਧੀ) : ਰਾਜਸਥਾਨ ਦੇ ਜੈਪੁਰ ਦੇ ਖੋਹ ਨਾਗੋਰੀਆਂ ਇਲਾਕੇ ਵਿਚ ਅੱਜ ਇਕ ਪਟਾਕਾ ਗੋਦਾਮ ਵਿਚ ਭਿਆਨਕ ਅੱਗ ਲੱਗ ਗਈ। ਇਸ ਹਾਦਸੇ ਵਿਚ ਇਕ ਬੱਚੇ ਸਮੇਤ 7 ਲੋਕਾਂ ਦੀ ਮੌਤ ਹੋ ਗਈ ਅਤੇ ਚਾਰ ਮਜ਼ਦੂਰ ਸੜ ਗਏ । ਜੈਪੁਰ ਦੇ ਕੁਲੈਕਟਰ ਸੰਦੇਸ਼ ਨਾਇਕ ਨੇ ਦੱਸਿਆ ਕਿ ਪਟਾਕਾ ਗੋਦਾਮ ਖੋਹ ਨਾਗੋਰੀਆਂ ਦੇ ਆਇਸ਼ਾ ਨਗਰ ਤਲਾਈ ਇਲਾਕੇ ਵਿਚ ਆਈ.ਟੀ.ਆਈ. ਕਾਲਜ ਦੇ ਨੇੜੇ ਸਥਿਤ ਹੈ। ਅੱਗ ਕੁਝ ਜਲਣਸ਼ੀਲ ਪਦਾਰਥਾਂ ਦੀ ਮੌਜੂਦਗੀ ਕਾਰਨ ਲੱਗੀ। ਜਾਣਕਾਰੀ ਅਨੁਸਾਰ ਫੈਕਟਰੀ ਦੇ ਅੰਦਰ ਵੱਡੀ ਗਿਣਤੀ ਵਿਚ ਪਟਾਕੇ ਰੱਖੇ ਗਏ ਸਨ, ਜੋ ਸੜ ਕੇ ਸੁਆਹ ਹੋ ਗਏ। ਇਸ ਘਟਨਾ 'ਤੇ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਮਮਤਾ ਬੈਨਰਜੀ ਵੱਲੋਂ ਸੋਨੀਆ ਗਾਂਧੀ ਨਾਲ ਮੁਲਾਕਾਤ



ਨਵੀਂ ਦਿੱਲੀ, 9 ਜੂਨ (ਪ੍ਰਤੀਨਿਧੀ) : ਇੰਡੀਆ ਗਠਜੋੜ ਦੀ ਮੀਟਿੰਗ 'ਚ ਸਹਿਯੋਗੀਆਂ ਵਿਚਾਲੇ ਏਕਤਾ ਅਤੇ ਬਿਹਤਰ ਤਾਲਮੇਲ 'ਤੇ ਜ਼ੋਰ ਦਿੱਤੇ ਜਾਣ ਦੇ ਇਕ ਦਿਨ ਬਾਅਦ, ਤ੍ਰਿਣਮੂਲ ਕਾਂਗਰਸ ਦੀ ਸੁਪਰੀਮੋ ਮਮਤਾ ਬੈਨਰਜੀ ਨੇ ਮੰਗਲਵਾਰ ਨੂੰ ਕਾਂਗਰਸ ਦੀ ਸੀਨੀਅਰ ਆਗੂ ਸੋਨੀਆ ਗਾਂਧੀ ਨਾਲ ਉਨ੍ਹਾਂ ਦੇ 10, ਜਨਪਥ ਸਥਿਤ ਘਰ ਮੁਲਾਕਾਤ ਕੀਤੀ।

ਸੂਤਰਾਂ ਅਨੁਸਾਰ, ਦੋਵਾਂ ਨੇਤਾਵਾਂ ਨੇ ਵਿਰੋਧੀ ਗਠਜੋੜ ਦੀ ਬੈਠਕ ਤੋਂ ਬਾਅਦ ਅਤੇ ਹਾਲ ਹੀ 'ਚ ਬੰਗਾਲ ਚੋਣਾਂ 'ਚ ਭਾਜਪਾ ਤੋਂ ਹਾਰ ਤੋਂ ਬਾਅਦ ਤ੍ਰਿਣਮੂਲ ਮੈਂਬਰਾਂ ਦੇ ਪਾਰਟੀ ਛੱਡਣ ਦੀਆਂ ਘਟਨਾਵਾਂ ਤੋਂ ਬਾਅਦ ਦੋਵੇਂ ਪਾਰਟੀਆਂ ਦੀ ਅੱਗੇ ਦੀ ਰਣਨੀਤੀ 'ਤੇ ਚਰਚਾ ਕੀਤੀ। ਇਹ ਮੁਲਾਕਾਤ ਉਦੋਂ ਹੋਈ, ਜਦੋਂ ਕਾਂਗਰਸ ਸੰਸਦੀ ਦਲ ਦੀ ਪ੍ਰਧਾਨ ਸੋਨੀਆ ਗਾਂਧੀ ਅਤੇ ਮਮਤਾ ਬੈਨਰਜੀ ਨੇ ਸੋਮਵਾਰ ਨੂੰ ਇੱਥੇ ਵਿਰੋਧੀ ਗਠਜੋੜ ਦੀ ਬੈਠਕ 'ਚ ਗਰਮਜੋਸ਼ੀ ਨਾਲ ਗਲੇ ਮਿਲ ਕੇ ਇਕ-ਦੂਜੇ ਦਾ ਸਵਾਗਤ ਕੀਤਾ ਸੀ।

ਕਾਂਗਰਸ ਨੇ ਦੋਵਾਂ ਨੇਤਾਵਾਂ ਵਿਚਾਲੇ ਚੰਗੀ ਤਾਲਮੇਲ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ। ਇਹ ਬੈਠਕ ਤ੍ਰਿਣਮੂਲ ਦੇ ਅੰਦਰ ਬਗਾਵਤ ਦੇ ਮਾਹੌਲ 'ਚ ਹੋਈ ਹੈ, ਜਿਸ 'ਚ ਪਾਰਟੀ ਦੇ ਕਈ ਸੰਸਦ ਮੈਂਬਰਾਂ ਨੇ ਵੱਖ ਧਿਰ ਬਣਾਉਣ ਅਤੇ ਸੱਤਾਧਾਰੀ ਐੱਨਡੀਏ ਨਾਲ ਜੁੜਨ ਦਾ ਫੈਸਲਾ ਕੀਤਾ ਹੈ।

ਤ੍ਰਿਣਮੂਲ ਦੇ 80 'ਚੋਂ ਜ਼ਿਆਦਾਤਰ ਵਿਧਾਇਕਾਂ ਨੇ ਪਹਿਲਾਂ ਹੀ ਰਾਜ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਵਜੋਂ ਰਿਤਾਬਰਤਾ ਬੈਨਰਜੀ ਦੀ ਅਗਵਾਈ 'ਚ ਇਕ ਵੱਖ ਧਿਰ ਬਣਾ ਲਿਆ ਹੈ।

ਚੋਣਾਂ 'ਚ ਤ੍ਰਿਣਮੂਲ ਦੀ ਹਾਰ ਅਤੇ ਚੋਣਾਂ ਤੋਂ ਬਾਅਦ ਪਾਰਟੀ ਵਰਕਰਾਂ ਅਤੇ ਸੰਸਦ ਮੈਂਬਰ ਅਭਿਸ਼ੇਕ ਬੈਨਰਜੀ 'ਤੇ ਹਮਲਿਆਂ ਮਗਰੋਂ ਬੈਨਰਜੀ ਅਤੇ ਸੋਨੀਆ ਗਾਂਧੀ ਵਿਚਾਲੇ ਇਹ ਪਹਿਲੀ ਬੰਦ ਕਮਰੇ 'ਚ ਹੋਈ ਬੈਠਕ ਸੀ।

# ਮੰਗਣੀ ਸਮਾਗਮ 'ਚ ਜਾ ਰਹੇ ਪਰਿਵਾਰ ਦੀ ਕਾਰ ਤੇ ਬਾਈਕ ਵਿਚਾਲੇ ਟੱਕਰ, 6 ਮੌਤਾਂ



ਮੁੰਬਈ, 9 ਜੂਨ (ਪ੍ਰਤੀਨਿਧੀ) : ਮਹਾਰਾਸ਼ਟਰ ਦੇ ਜਲਗਾਓਂ ਜ਼ਿਲ੍ਹੇ ਤੋਂ ਇੱਕ ਬੇਹੱਦ ਦਰਦਨਾਕ ਸੜਕ ਹਾਦਸੇ ਦੀ ਖ਼ਬਰ ਸਾਹਮਣੇ ਆਈ ਹੈ। ਮੰਗਲਵਾਰ ਸਵੇਰੇ ਇੱਕ ਤੇਜ਼ ਰਫ਼ਤਾਰ ਕਾਰ ਅਤੇ ਮੋਟਰਸਾਈਕਲ ਵਿਚਕਾਰ ਹੋਈ ਜ਼ੋਰਦਾਰ ਟੱਕਰ 'ਚ 6 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਇੱਕ ਨੌਜਵਾਨ ਗੰਭੀਰ ਰੂਪ 'ਚ ਜ਼ਖਮੀ ਹੋਇਆ ਹੈ। ਪੁਲਿਸ ਨੇ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ। ਪੁਲਿਸ ਅਧਿਕਾਰੀਆਂ ਦੇ ਮੁਤਾਬਕ, ਇਹ ਹਾਦਸਾ ਮੰਗਲਵਾਰ ਸਵੇਰੇ ਕਰੀਬ 7 ਵਜੇ ਜਲਗਾਓਂ ਦੇ ਅਮਲਨੇਰ ਇਲਾਕੇ 'ਚ 'ਲੋਂਢੇ ਫਾਟਾ' ਦੇ ਕੋਲ ਵਾਪਰਿਆ। ਟੱਕਰ ਇੰਨੀ ਭਿਆਨਕ ਸੀ ਕਿ ਆਵਾਜ਼ ਸੁਣ ਕੇ ਆਸ-ਪਾਸ ਦੇ ਲੋਕ ਤੁਰੰਤ ਮੌਕੇ ਵੱਲ ਦੌੜ ਪਏ। ਸ਼ੁਰੂਆਤੀ ਜਾਣਕਾਰੀ ਅਨੁਸਾਰ, ਕਾਰ 'ਚ ਸਵਾਰ ਲੋਕ ਗੁਜਰਾਤ ਤੋਂ ਆ ਰਹੇ ਸਨ ਅਤੇ ਮਹਾਰਾਸ਼ਟਰ 'ਚ ਇੱਕ ਮੰਗਣੀ (ਕੁੜਮਾਈ) ਦੇ ਸਮਾਗਮ 'ਚ ਸ਼ਾਮਲ ਹੋਣ ਜਾ ਰਹੇ ਸਨ। ਇਸੇ ਦੌਰਾਨ ਲੋਂਢੇ ਫਾਟਾ ਦੇ ਕੋਲ ਉਨ੍ਹਾਂ ਦੀ ਕਾਰ ਸਾਹਮਣੇ ਤੋਂ ਆ ਰਹੇ ਇੱਕ ਮੋਟਰਸਾਈਕਲ ਨਾਲ ਟਕਰਾ ਗਈ। ਟੱਕਰ ਤੋਂ ਬਾਅਦ ਮੋਟਰਸਾਈਕਲ ਬੇਕਾਬੂ ਹੋ ਗਿਆ ਅਤੇ ਪਿੱਛੇ ਤੋਂ ਆ ਰਹੀ ਇੱਕ ਬੱਸ ਨਾਲ ਜਾ ਟਕਰਾਇਆ।

# ਡੀਜ਼ਲ ਉੱਤੇ 30 ਤੇ ਪੈਟਰੋਲ 'ਤੇ 6 ਰੁਪਏ ਦਾ ਨੁਕਸਾਨ, ਸਰਕਾਰ ਦੇ ਤਾਜ਼ਾ ਬਿਆਨ ਨਾਲ ਵਧੀ ਚਿੰਤਾ




ਨਵੀਂ ਦਿੱਲੀ, 9 ਜੂਨ (ਪ੍ਰਤੀਨਿਧੀ) : ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੇ ਟਕਰਾਅ ਕਾਰਨ ਵਿਸ਼ਵ ਪੱਧਰ 'ਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋ ਰਿਹਾ ਹੈ। ਇਸ ਦਾ ਅਸਰ ਪੈਟਰੋਲ, ਡੀਜ਼ਲ ਅਤੇ ਗੈਸ ਦੀਆਂ ਕੀਮਤਾਂ 'ਤੇ ਵੀ ਪੈ ਰਿਹਾ ਹੈ। ਮਹਿੰਗਾਈ ਨਾਲ ਪਹਿਲਾਂ ਹੀ ਪਰੇਸ਼ਾਨ ਆਮ ਲੋਕਾਂ ਲਈ ਹੁਣ ਸਰਕਾਰ ਦਾ ਤਾਜ਼ਾ ਬਿਆਨ ਹੋਰ ਚਿੰਤਾ ਦਾ ਕਾਰਨ ਬਣ ਗਿਆ ਹੈ। ਸਰਕਾਰ ਮੁਤਾਬਕ ਤੇਲ ਕੰਪਨੀਆਂ ਨੂੰ ਮੌਜੂਦਾ ਕੀਮਤਾਂ 'ਤੇ ਵੀ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ, ਜਿਸ ਕਾਰਨ ਭਵਿੱਖ ਵਿੱਚ ਕੀਮਤਾਂ ਹੋਰ ਵੱਧਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਪੈਟਰੋਲੀਅਮ ਮੰਤਰਾਲੇ ਨੇ ਹਾਲ ਹੀ ਵਿੱਚ ਇੱਕ ਮੀਡੀਆ ਬ੍ਰੀਫਿੰਗ ਦੌਰਾਨ ਦੱਸਿਆ ਗਿਆ ਕਿ ਸਰਕਾਰੀ ਤੇਲ ਕੰਪਨੀਆਂ ਨੂੰ ਡੀਜ਼ਲ 'ਤੇ ਲਗਭਗ 30 ਰੁਪਏ ਪ੍ਰਤੀ ਲੀਟਰ, ਪੈਟਰੋਲ 'ਤੇ 6 ਰੁਪਏ ਪ੍ਰਤੀ ਲੀਟਰ ਅਤੇ ਘਰੇਲੂ ਐਲਪੀਜੀ ਸਿਲੰਡਰ 'ਤੇ ਕਰੀਬ 700 ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਇਹਨਾਂ ਸਭ ਨੂੰ ਮਿਲਾ ਕੇ ਕੰਪਨੀਆਂ ਨੂੰ ਹਰ ਰੋਜ਼ ਲਗਭਗ 600 ਤੋਂ 700 ਕਰੋੜ ਰੁਪਏ ਦਾ ਘਾਟਾ ਝੱਲਣਾ ਪੈ ਰਿਹਾ ਹੈ।

ਪ੍ਰੈਸ ਕਾਨਫਰੰਸ ਦੌਰਾਨ ਪੈਟਰੋਲਿਅਮ ਮੰਤਰਾਲੇ ਦੇ ਐਡੀਸ਼ਨਲ ਸਕੱਤਰ ਪ੍ਰਵੀਣ ਮਲ ਖਾਨੂਜਾ ਨੇ ਕਿਹਾ, ਡੀਜ਼ਲ 'ਤੇ ਪ੍ਰਤੀ ਲੀਟਰ ਕਰੀਬ 30 ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਜਦੋਂ ਤੁਸੀਂ ਦਿੱਲੀ ਵਿੱਚ 95 ਰੁਪਏ ਪ੍ਰਤੀ ਲੀਟਰ ਡੀਜ਼ਲ ਖਰੀਦਦੇ ਹੋ ਤਾਂ ਇਸ ਦੀ ਅਸਲ ਲਾਗਤ ਨਾਲੋਂ 30 ਰੁਪਏ ਕੰਪਨੀ ਖੁਦ ਝੱਲਦੀ ਹੈ। ਪੈਟਰੋਲ ਦੇ ਮਾਮਲੇ ਵਿੱਚ ਵੀ ਅੱਜ ਲਗਭਗ 6 ਰੁਪਏ ਪ੍ਰਤੀ ਲੀਟਰ ਦਾ ਨੁਕਸਾਨ ਹੋ ਰਿਹਾ ਹੈ। ਕੰਪਨੀਆਂ ਦਾ ਰੋਜ਼ਾਨਾ ਘਾਟਾ 600-700 ਕਰੋੜ ਰੁਪਏ ਦੇ ਆਸ-ਪਾਸ ਬਣਿਆ ਹੋਇਆ ਹੈ।ਇਰਾਨ-ਅਮਰੀਕਾ ਟਕਰਾਅ ਕਾਰਨ ਸਟ੍ਰੇਟ ਆਫ ਹੋਰਮੁਜ਼ ਵਿੱਚ ਆਵਾਜਾਈ ਪ੍ਰਭਾਵਿਤ ਹੋ ਰਹੀ ਹੈ, ਜਿਸ ਨਾਲ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਆਈ ਹੈ। ਇਸ ਦਾ ਸਿੱਧਾ ਅਸਰ ਭਾਰਤ ਦੀਆਂ ਸਰਕਾਰੀ ਤੇਲ ਮਾਰਕੀਟਿੰਗ ਕੰਪਨੀਆਂ 'ਤੇ ਪਿਆ ਹੈ, ਕਿਉਂਕਿ ਉਹ ਘਰੇਲੂ ਖਪਤਕਾਰਾਂ ਨੂੰ ਤੁਲਨਾਤਮਕ ਤੌਰ 'ਤੇ ਘੱਟ ਕੀਮਤ 'ਤੇ ਇੰਧਨ ਵੇਚ ਰਹੀਆਂ ਹਨ। ਇਸ ਕਾਰਨ ਉਨ੍ਹਾਂ 'ਤੇ ਵਿੱਤੀ ਦਬਾਅ ਵੱਧ ਰਿਹਾ ਹੈ।

# ਉੱਜਵਲਾ ਯੋਜਨਾ ਦੇ ਲਾਭਪਾਤਰੀਆਂ ਨੂੰ ਹੁਣ ਚਾਰ ਹੀ ਮਿਲਣਗੇ ਸਬਸਿਡੀ ਵਾਲੇ ਗੈਸ ਸਿਲੰਡਰ

ਨਵੀਂ ਦਿੱਲੀ, 9 ਜੂਨ (ਪ੍ਰਤੀਨਿਧੀ) : ਕੇਂਦਰ ਸਰਕਾਰ ਨੇ ਅਪਣੀ ਪ੍ਰਮੁੱਖ ਪ੍ਰਧਾਨ ਮੰਤਰੀ ਉੱਜਵਲਾ ਯੋਜਨਾ (ਪੀ.ਐਮ.ਯੂ.ਵਾਈ.) ਦੇ ਤਹਿਤ ਮਿਲਣ ਵਾਲੇ ਸਬਸਿਡੀ ਵਾਲੇ ਰਸੋਈ ਗੈਸ ਸਿਲੰਡਰਾਂ ਦੀ ਸਾਲਾਨਾ ਗਿਣਤੀ ਘਟਾ ਕੇ ਸਿਰਫ਼ ਚਾਰ ਕਰ ਦਿਤੀ ਹੈ। ਪਹਿਲਾਂ ਇਹ ਕੋਟਾ 9 ਸਿਲੰਡਰਾਂ ਦਾ ਸੀ, ਜਿਸ ਨੂੰ ਹੁਣ ਘਰੇਲੂ ਖਪਤ ਦੇ ਆਧਾਰ 'ਤੇ ਘਟਾਇਆ ਗਿਆ ਹੈ।ਪਟਰੌਲਪਅਮ ਅਤੇ ਕੁਦਰਤੀ ਗੈਸ ਮੰਤਰਾਲੇ ਦੇ ਐਡੀਸ਼ਨਲ ਸੈਕਟਰੀ ਪ੍ਰਵੀਨ ਮੱਲ ਖਨੂਜਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਦਸਿਆ ਕਿ, "ਸੋਧੀ ਗਈ ਪਾਤਰਤਾ ਉੱਜਵਲਾ ਲਾਭਪਾਤਰੀਆਂ ਦੀ ਔਸਤ ਸਾਲਾਨਾ ਖਪਤ ਦੇ ਬਰਾਬਰ ਹੈ।" ਉਨ੍ਹਾਂ ਅੱਗੇ ਕਿਹਾ, "ਪਛਮੀ ਏਸ਼ੀਆ ਵਿਚ ਜੰਗ ਕਾਰਨ ਕੌਮਾਂਤਰੀ ਕੀਮਤਾਂ ਵਿਚ ਭਾਰੀ ਉਛਾਲ ਆਇਆ ਹੈ, ਜਿਸ ਕਾਰਨ ਘਰੇਲੂ ਐਲ.ਪੀ.ਜੀ. ਸਿਲੰਡਰ ਦੀ ਸਪਲਾਈ ਲਾਗਤ 1,600 ਰੁਪਏ ਤੋਂ ਵੱਧ ਹੋ ਗਈ ਹੈ।"

## ਸੰਪਾਦਕੀ

# ਮਹਿੰਗਾਈ ਦਾ ਸੇਕ ਰਸੋਈ ਤੱਕ

ਪੱਛਮੀ ਏਸ਼ੀਆ ਵਿੱਚ ਸਥਿਤੀ ਨੂੰ ਆਮ ਬਣਾਉਣ ਵਿੱਚ ਅਸਫਲਤਾ ਹੁਣ ਮਹਿੰਗਾਈ ਵਿੱਚ ਤੇਜ਼ੀ ਨਾਲ ਵਾਧੇ ਦੇ ਰੂਪ ਵਿੱਚ ਸਪੱਸ਼ਟ ਤੌਰ 'ਤੇ ਪ੍ਰਗਟ ਹੋ ਰਹੀ ਹੈ। ਦੇਸ਼ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧੇ ਤੋਂ ਬਾਅਦ, ਸਰਕਾਰ ਨੇ ਘਰੇਲੂ ਰਸੋਈ ਗੈਸ ਦੀ ਕੀਮਤ ਵਿੱਚ ਵੀ 29 ਰੁਪਏ ਪ੍ਰਤੀ ਸਿਲੰਡਰ ਵਾਧਾ ਕੀਤਾ ਹੈ। ਇਸਦਾ ਮਤਲਬ ਹੈ ਕਿ ਮਹਿੰਗਾਈ ਦੀ ਗਰਮੀ ਆਮ ਲੋਕਾਂ ਦੀਆਂ ਰਸੋਈਆਂ ਤੱਕ ਪਹੁੰਚ ਗਈ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਦੇ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ। ਇਹ ਸਥਿਤੀ ਪਹਿਲਾਂ ਹੀ ਅਨੁਮਾਨਤ ਸੀ, ਪਰ ਸਰਕਾਰ ਦੇ ਦਾਅਵਿਆਂ 'ਤੇ ਸਵਾਲ ਉਠਾਏ ਜਾ ਰਹੇ ਹਨ ਕਿ ਸੰਭਾਵੀ ਸੰਕਟ ਨੂੰ ਹੱਲ ਕਰਨ ਲਈ ਸਮੇਂ ਸਿਰ ਵਿਕਲਪਕ ਹੱਲ ਲੱਭੇ ਜਾਣਗੇ। ਦਰਅਸਲ, ਹੋਰਮੁਜ਼ ਜਲਡਮਰੂ ਦੀ ਰੁਕਾਵਟ ਨੇ ਵਿਸ਼ਵ ਸਪਲਾਈ ਲੜੀ ਨੂੰ ਵਿਗਾੜ ਦਿੱਤਾ ਹੈ, ਜਿਸ ਨਾਲ ਭਾਰਤ ਸਮੇਤ ਦੁਨੀਆ ਭਰ ਦੇ ਕਈ ਦੇਸ਼ਾਂ ਵਿੱਚ ਊਰਜਾ ਸੰਕਟ ਪੈਦਾ ਹੋ ਗਿਆ ਹੈ। ਭਾਰਤ ਖਾਸ ਤੌਰ 'ਤੇ ਦਰਾਮਦਾਂ 'ਤੇ ਆਪਣੀ ਉੱਚ ਨਿਰਭਰਤਾ ਕਾਰਨ ਪ੍ਰਭਾਵਿਤ ਹੋ ਰਿਹਾ ਹੈ। ਇਸ ਜਾਣਕਾਰੀ ਦੇ ਬਾਵਜੂਦ, ਜੇਕਰ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦੀ ਬਜਾਏ, ਜਨਤਾ 'ਤੇ ਬੋਝ ਪਾਇਆ ਜਾਂਦਾ ਹੈ, ਤਾਂ ਕੀ ਇਹ ਜਾਇਜ਼ ਹੋ ਸਕਦਾ ਹੈ? ਸਰਕਾਰ ਨੇ ਪਿਛਲੇ ਮਹੀਨੇ ਚਾਰ ਪੜਾਵਾਂ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਕੀਤਾ, ਜਿਸਦੇ ਨਤੀਜੇ ਵਜੋਂ ਪੈਟਰੋਲ ਲਈ ਪ੍ਰਤੀ ਲੀਟਰ 7.35 ਰੁਪਏ ਅਤੇ ਡੀਜ਼ਲ ਲਈ ਪ੍ਰਤੀ ਲੀਟਰ 7.53 ਰੁਪਏ ਦਾ ਸਮੁੱਚਾ ਵਾਧਾ ਹੋਇਆ। ਇਸੇ ਤਰ੍ਹਾਂ ਵਪਾਰਕ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਵੀ ਵਾਧਾ ਕੀਤਾ ਗਿਆ ਸੀ। ਇਹ ਉਮੀਦ ਕੀਤੀ ਜਾ ਰਹੀ ਸੀ ਕਿ ਘਰੇਲੂ ਐਲਪੀਜੀ ਸਿਲੰਡਰ ਦੀਆਂ ਕੀਮਤਾਂ ਫਿਲਹਾਲ ਸਥਿਰ ਰਹਿਣਗੀਆਂ, ਪਰ ਅਜਿਹਾ ਲਗਦਾ ਹੈ ਕਿ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਹੁਣ ਪੂਰੀ ਤਰ੍ਹਾਂ ਸਰਕਾਰ ਦੇ ਕੰਟਰੋਲ ਤੋਂ ਬਾਹਰ ਹਨ। ਇਹ ਤਿੰਨ ਮਹੀਨਿਆਂ ਵਿੱਚ ਘਰੇਲੂ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ ਦੂਜਾ ਵਾਧਾ ਹੈ। ਪਿਛਲਾ ਵਾਧਾ ਮਾਰਚ ਵਿੱਚ ਪ੍ਰਤੀ ਸਿਲੰਡਰ 60 ਰੁਪਏ ਸੀ, ਜਿਸਦੇ ਨਤੀਜੇ ਵਜੋਂ ਇਸ ਸਮੇਂ ਦੌਰਾਨ ਪ੍ਰਤੀ ਸਿਲੰਡਰ ਕੁੱਲ 89 ਰੁਪਏ ਦਾ ਵਾਧਾ ਹੋਇਆ। ਸਰਕਾਰ ਦਾ ਤਰਕ ਹੈ ਕਿ ਅੰਤਰਰਾਸ਼ਟਰੀ ਊਰਜਾ ਕੀਮਤਾਂ ਵਿੱਚ ਲਗਾਤਾਰ ਵਾਧੇ ਕਾਰਨ ਤੇਲ ਕੰਪਨੀਆਂ ਨੂੰ ਨੁਕਸਾਨ ਹੋ ਰਿਹਾ ਹੈ। ਇਸ ਲਈ, ਮਹੱਤਵਪੂਰਨ ਸਵਾਲ ਇਹ ਹੈ: ਜਦੋਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਅਤੇ ਗੈਸ ਦੀਆਂ ਕੀਮਤਾਂ ਡਿੱਗਦੀਆਂ ਹਨ, ਤਾਂ ਕੀ ਇਹ ਲਾਭ ਆਮ ਖਪਤਕਾਰਾਂ ਨੂੰ ਦਿੱਤੇ ਜਾਂਦੇ ਹਨ? ਇਹ ਮੁੱਦਾ ਲੰਬੇ ਸਮੇਂ ਤੋਂ ਵੱਖ-ਵੱਖ ਪੱਧਰਾਂ 'ਤੇ ਉਠਾਇਆ ਜਾ ਰਿਹਾ ਹੈ, ਪਰ ਹੁਣ ਤੱਕ ਕੋਈ ਗੰਭੀਰ ਕਾਰਵਾਈ ਨਹੀਂ ਕੀਤੀ ਗਈ ਹੈ। ਘਰੇਲੂ ਐਲਪੀਜੀ ਸਿਲੰਡਰਾਂ ਦੀ ਕੀਮਤ ਵਿੱਚ ਵਾਧੇ ਤੋਂ ਬਾਅਦ, ਸਰਕਾਰ ਹੁਣ ਆਪਣੀ ਪਿੱਠ ਥਪਥਪਾਉਂਦੀ ਹੋਈ ਦਾਅਵਾ ਕਰ ਰਹੀ ਹੈ ਕਿ ਅੰਤਰਰਾਸ਼ਟਰੀ ਗੈਸ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧੇ ਦੇ ਬਾਵਜੂਦ, ਦੇਸ਼ ਦੇ ਨਾਗਰਿਕਾਂ ਨੂੰ ਦੁਨੀਆ ਦੇ ਹੋਰ ਹਿੱਸਿਆਂ ਨਾਲੋਂ ਸਸਤੀ ਕੀਮਤ 'ਤੇ ਐਲਪੀਜੀ ਪ੍ਰਦਾਨ ਕੀਤੀ ਜਾ ਰਹੀ ਹੈ। ਇਹ ਵਿਡੰਬਨਾ ਹੈ ਕਿ ਜਦੋਂ ਆਮ ਆਦਮੀ ਮਹਿੰਗਾਈ ਦੇ ਬੋਝ ਹੇਠ ਦੱਬਿਆ ਜਾ ਰਿਹਾ ਹੈ, ਤਾਂ ਸਰਕਾਰ ਇਹ ਦਿਖਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਅਜੇ ਵੀ ਕਾਬੂ ਵਿੱਚ ਹਨ। ਰਿਪੋਰਟਾਂ ਅਨੁਸਾਰ, ਸੰਕਟ ਦੌਰਾਨ ਐਲਪੀਜੀ ਦੀ ਉਪਲਬਧਤਾ ਬਣਾਈ ਰੱਖਣ ਲਈ ਘਰੇਲੂ ਉਤਪਾਦਨ ਵਿੱਚ 60 ਪ੍ਰਤੀਸ਼ਤ ਤੋਂ ਵੱਧ ਦਾ ਵਾਧਾ ਕੀਤਾ ਗਿਆ ਹੈ ਅਤੇ ਸੰਯੁਕਤ ਰਾਜ, ਕੈਨੇਡਾ ਅਤੇ ਅਲਜੀਰੀਆ ਵਰਗੇ ਦੇਸ਼ਾਂ ਤੋਂ ਵਾਧੂ ਦਰਾਮਦ ਦਾ ਪ੍ਰਬੰਧ ਕੀਤਾ ਗਿਆ ਹੈ। ਪਰ ਸਵਾਲ ਇਹ ਹੈ ਕਿ ਇਹਨਾਂ ਵਿਕਲਪਕ ਉਪਾਵਾਂ ਦਾ ਜ਼ਮੀਨੀ ਪੱਧਰ 'ਤੇ ਪ੍ਰਭਾਵ ਕਿਉਂ ਨਹੀਂ ਪੈ ਰਿਹਾ ਹੈ? ਆਮ ਲੋਕ, ਖਾਸ ਕਰਕੇ ਪੇਂਡੂ ਖੇਤਰਾਂ ਵਿੱਚ, ਗੈਸ ਸਿਲੰਡਰਾਂ ਦੀ ਉਡੀਕ ਵਿੱਚ ਲੰਬੀਆਂ ਕਤਾਰਾਂ ਵਿੱਚ ਖੜ੍ਹੇ ਹੋਣ ਲਈ ਮਜਬੂਰ ਕਿਉਂ ਹਨ?

-ਜਗਜੀਤ ਸਿੰਘ ਦਰਦੀ

## ਇੱਕ ਨਵਾਂ ਭਾਰਤ: ਮੋਦੀ 3.0

# ਭਾਰਤ ਦੇ ਅੱਜ ਸਭ ਤੋਂ ਲੰਬੇ ਸਮੇਂ ਲਈ ਚੁਣੇ ਹੋਏ ਪ੍ਰਧਾਨ ਮੰਤਰੀ ਬਣ ਗਏ ਮੋਦੀ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

### ਪ੍ਰਧਾਨ ਮੰਤਰੀ ਮੋਦੀ ਦੀ ਲੰਬੀ ਰਾਜਨੀਤੀ ਯਾਤਰਾ ਦੇ 12 ਵਰ੍ਹੇ ਨਵਾਂ ਭਾਰਤ 2047 ਦੇ ਵਿਕਸਿਤ ਭਾਰਤ ਲਈ ਤਿਆਰ

ਅੱਜ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਨੀਆ ਦੇ ਉਹਨਾਂ ਰਾਜਨੀਤਿਕ ਨੇਤਾਵਾਂ ਵਿੱਚ ਸ਼ਾਮਿਲ ਹੋ ਗਏ ਹਨ, ਜਿਨ੍ਹਾਂ ਨੇ ਲੋਕਤੰਤਰ ਦੇ ਤੌਰ 'ਤੇ ਸਮੇਂ ਦੀ ਧਾਰਾ ਨਾਲ ਚਲਦੇ ਹੋਏ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਨਹਿਰੂ ਦਾ 64 ਸਾਲ ਪੁਰਾਣਾ ਰਿਕਾਰਡ 4398 ਦਿਨਾਂ ਦੇ ਪ੍ਰਧਾਨ ਮੰਤਰੀ ਰਹੇ ਦੇ ਨਾਲ ਅੱਜ 10 ਜੂਨ ਨੂੰ ਤੋੜ ਦਿੱਤਾ ਹੈ। ਅੱਜ ਇਹ ਸਫ਼ਰ 15 ਵਰ੍ਹੇ ਗੁਜਰਾਤ ਦੇ ਮੁੱਖ ਮੰਤਰੀ ਤੇ ਹੁਣ ਪ੍ਰਧਾਨ ਮੰਤਰੀ ਦੇ ਤੌਰ 'ਤੇ ਕਿਹੋ ਜਿਹਾ ਰਿਹਾ ਹੈ। ਅੱਜ ਦੇਸ਼ ਵਿੱਚ ਕੀ ਬਦਲਿਆ ਮੋਦੀ ਰਾਜ ਦੇ 12 ਸਾਲ ਕਿਹੋ ਜਿਹੇ ਰਹੇ। ਅੱਜ ਅਸੀਂ ਇਸ 'ਤੇ ਚਰਚਾ ਕਰਦਿਆਂ ਵੇਖ ਸਕਦੇ ਹਾਂ ਕਿ ਪਿਛਲੇ 12 ਸਾਲਾਂ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਨੇ ਇੱਕ ਇਤਿਹਾਸਕ ਯਾਤਰਾ ਤੈਅ ਕੀਤੀ ਹੈ।

ਅੱਜ ਇਹ ਯਾਤਰਾ ਸੰਕਟਾਂ ਤੋਂ ਸਫਲਤਾ ਵੱਲ, ਨਿਰਾਸ਼ਾ ਤੋਂ ਆਸ਼ਾ ਵੱਲ ਅਤੇ ਵਿਭਾਜਨ ਤੋਂ ਏਕਤਾ ਵੱਲ ਹੈ। 26 ਮਈ 2014 ਨੂੰ ਸਹੁੰ ਚੁੱਕਣ ਤੋਂ ਬਾਅਦ ਭਾਰਤ ਨੇ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਵਿਦੇਸ਼ ਨੀਤੀ ਵਿੱਚ ਬਦਲਾਅ ਲਿਆਂਦਾ ਹੈ। ਅੱਜ 2026 ਵਿੱਚ ਭਾਰਤ ਵਿਸ਼ਵ ਦੀ ਤੀਜੀ-ਚੌਥੀ ਵੱਡੀ ਆਰਥਿਕਤਾ ਵੱਲ ਵਧ ਰਿਹਾ ਹੈ ਅਤੇ ਵਿਕਸਿਤ ਭਾਰਤ 2047 ਦੇ ਟੀਚੇ ਨਾਲ ਜੁੜਿਆ ਹੋਇਆ ਹੈ। ਅੱਜ ਇੱਕ ਨਵੀਂ ਸ਼ੁਰੂਆਤ 2014 ਦਾ ਭਾਰਤ ਅਤੇ ਮੋਦੀ ਯੁੱਗ 2014 ਤੋਂ ਪਹਿਲਾਂ ਭਾਰਤ ਭ੍ਰਿਸ਼ਟਾਚਾਰ, ਉੱਚ ਮਹਿੰਗਾਈ, ਘੱਟ ਵਿਕਾਸ ਅਤੇ ਅੰਦਰੂਨੀ ਅਸਥਿਰਤਾ ਨਾਲ ਘਿਰਿਆ ਹੋਇਆ ਸੀ। GDP ਵਿਕਾਸ ਦਰ ਘੱਟ ਸੀ, ਵਿਦੇਸ਼ੀ ਨਿਵੇਸ਼ ਘੱਟ ਰਹੇ ਸਨ ਅਤੇ ਲੋਕਾਂ ਵਿੱਚ ਨਿਰਾਸ਼ਾ ਫੈਲੀ ਹੋਈ ਸੀ। ਪ੍ਰਧਾਨ ਮੰਤਰੀ ਮੋਦੀ ਨੇ "ਸਭਕਾ ਸਾਥ, ਸਭਕਾ ਵਿਕਾਸ, ਸਭਕਾ ਵਿਸ਼ਵਾਸ" ਦਾ ਨਾਅਰਾ ਦਿੱਤਾ ਅਤੇ ਇਸ ਨੂੰ ਰਚਨਾਤਮਕ ਰੂਪ ਵਿੱਚ ਲਾਗੂ ਕੀਤਾ ਹੈ। ਇਹ ਯਾਤਰਾ ਭਾਰਤ ਨੂੰ ਡਿਜੀਟਲ, ਆਤਮਨਿਰਭਰ ਅਤੇ ਵਿਸ਼ਵ ਪੱਧਰੀ ਭੂਮਿਕਾ ਵੱਲ ਲੈ ਕੇ ਗਈ ਹੈ।

ਅੱਜ ਵਿਦੇਸ਼ ਨੀਤੀ ਨਾਗਰਿਕ-ਕੇਂਦਰਿਤ ਅਤੇ ਬਹੁ-ਪੱਖੀ ਕੂਟਨੀਤੀ ਵਿਦੇਸ਼ ਮੰਤਰਾਲੇ ਵਿੱਚ ਸਭ ਤੋਂ ਵੱਡਾ ਬਦਲਾਅ ਇਹ ਹੈ ਕਿ ਇਹ ਹੁਣ ਆਮ ਭਾਰਤੀ ਨਾਗਰਿਕ ਲਈ ਹੈ। ਪਾਸਪੋਰਟ ਜਾਰੀ ਕਰਨ ਦੀ ਪ੍ਰਕਿਰਿਆ ਡਿਜੀਟਲ ਬਣ ਗਈ ਹੈ। PSP ਪ੍ਰੋਜੈਕਟ ਰਾਹੀਂ ਆਮ ਲੋਕਾਂ ਲਈ ਇਹ ਇੱਕ ਸਰਲ ਅਨੁਭਵ ਬਣਿਆ ਹੈ। ਵਿਦੇਸ਼ਾਂ ਵਿੱਚ 44 ਨਵੀਆਂ ਦੂਤਾਵਾਸਾਂ ਅਤੇ ਕੌਂਸਲੇਟ ਖੋਲ੍ਹੀਆਂ ਗਈਆਂ ਹਨ। ਭਾਰਤੀ ਡਾਇਸਪੋਰਾ ਲਈ ਭਲਾਈ ਫੰਡ ਵਧਾਏ ਗਏ ਹਨ। ਯੂਕਰੇਨ, ਇਜ਼ਰਾਈਲ, ਅਫਗਾਨਿਸਤਾਨ ਅਤੇ ਸੂਡਾਨ ਵਰਗੀਆਂ ਸੰਕਟ ਵਾਲੀਆਂ ਸਥਿਤੀਆਂ ਵਿੱਚ ਭਾਰਤੀਆਂ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਤੇਜ਼ ਓਪਰੇਸ਼ਨ ਚਲਾਏ ਗਏ। ਇਹ ਭਾਰਤੀ ਕੂਟਨੀਤੀ ਦੀ 24/7 ਤਿਆਰੀ ਦਾ ਪ੍ਰਮਾਣ ਹਨ। ਭਾਰਤੀ ਵਿਦਿਆਰਥੀਆਂ ਲਈ ਵਿਦੇਸ਼ੀ ਭਲਾਈ ਉਪਾਅ ਸ਼ੁਰੂ ਕੀਤੇ ਗਏ। ਭਾਰਤੀ ਸੱਭਿਆਚਾਰ ਅਤੇ ਵਿਰਾਸਤ ਨੂੰ ਵਿਸ਼ਵ ਪੱਧਰ ਉੱਤੇ ਉਤਸ਼ਾਹਿਤ ਕੀਤਾ ਗਿਆ। ਅੱਜ ਭਾਰਤੀ ਵਧੇਰੇ ਵਿਸ਼ਵਾਸ ਨਾਲ ਵਿਦੇਸ਼ ਯਾਤਰਾ ਕਰਦੇ ਹਨ।

ਅੱਜ ਭਾਰਤੀ ਕਾਰੋਬਾਰਾਂ ਲਈ ਵਿਦੇਸ਼ੀ ਬਾਜ਼ਾਰ ਪਹੁੰਚ ਵਧਾਈ ਗਈ ਹੈ। 21 ਗਤੀਸ਼ੀਲਤਾ ਭਾਈਵਾਲੀਆਂ ਸਥਾਪਤ ਕੀਤੀਆਂ ਗਈਆਂ ਹਨ। ਗਲੋਬਲ ਸਾਊਥ ਦੀ ਆਵਾਜ਼ ਬਣਨ ਲਈ 720 ਪ੍ਰਧਾਨਗੀ, QUAD ਅਤੇ ਇੱਕਟ ਈਸਟ ਪਾਲਿਸੀ ਨੇ ਭਾਰਤ ਨੂੰ ਨਵਾਂ ਸਥਾਨ ਦਿੱਤਾ ਹੈ। ਵੈਕਸੀਨ ਮੈਤਰੀ ਨੇ ਭਾਰਤ ਨੂੰ ਵਿਸ਼ਵ ਫਾਰਮੇਸੀ ਵਜੋਂ ਸਥਾਪਿਤ ਕੀਤਾ। ਇਸ ਖੇਤਰ ਵਿੱਚ ਚੁਣੌਤੀਆਂ ਵੀ ਰਹੀਆਂ ਹਨ ਜਿਵੇਂ ਚੀਨ ਨਾਲ ਸਰਹੱਦੀ ਤਣਾਅ, ਪਰ ਭਾਰਤ ਨੇ ਬਹੁ-ਪੱਖੀ ਰਣਨੀਤੀ ਨਾਲ ਸੰਤੁਲਨ ਬਣਾਇਆ ਹੈ। ਰੂਸ, ਅਮਰੀਕਾ, ਯੂਰਪ ਅਤੇ ਗਲਫ ਦੇਸ਼ਾਂ ਨਾਲ ਸਬੰਧ ਮਜ਼ਬੂਤ ਹੋਏ ਹਨ। ਅੰਦਰੂਨੀ ਸੁਰੱਖਿਆ ਅਤੇ ਰਾਸ਼ਟਰੀ ਏਕਤਾ: ਬੋਲਡ ਫੈਸਲੇ ਅੰਦਰੂਨੀ ਸੁਰੱਖਿਆ ਵਿੱਚ ਸਭ ਤੋਂ ਵੱਡਾ ਫੈਸਲਾ 5 ਅਗਸਤ 2019 ਨੂੰ ਜੰਮੂ-ਕਸ਼ਮੀਰ ਵਿੱਚ ਧਾਰਾ 370 ਅਤੇ 351 ਨੂੰ ਖਤਮ ਕਰਨਾ ਸੀ।

ਅੱਜ ਇਸ ਨਾਲ ਇਲਾਕਾ ਰਾਸ਼ਟਰੀ ਮੁੱਖਧਾਰਾ ਨਾਲ ਜੁੜਿਆ, ਵਿਕਾਸ ਪ੍ਰੋਜੈਕਟ ਤੇਜ਼ ਹੋਏ ਅਤੇ ਆਤੰਕਵਾਦ ਵਿੱਚ ਭਾਰੀ ਕਮੀ ਆਈ। ਤੱਤਕਾਲੀਨ ਅੰਕੜਿਆਂ ਅਨੁਸਾਰ ਆਤੰਕਵਾਦੀ ਘਟਨਾਵਾਂ ਵਿੱਚ 70% ਤੋਂ ਵੱਧ ਕਮੀ ਆਈ, ਨਾਗਰਿਕ ਮੌਤਾਂ ਵਿੱਚ 81% ਕਮੀ ਅਤੇ ਸੁਰੱਖਿਆ ਬਲਾਂ ਦੀਆਂ ਮੌਤਾਂ ਵਿੱਚ ਵੀ ਘਾਟਾ ਹੋਇਆ। ਇਲਾਕੇ ਵਿੱਚ ਟੂਰਿਜ਼ਮ ਵਧਿਆ, ਰੋਡ ਅਤੇ ਰੇਲ ਪ੍ਰੋਜੈਕਟ ਪੂਰੇ ਹੋ ਰਹੇ ਹਨ ਅਤੇ GDP ਵਿਕਾਸ ਦਰ ਵਧੀ ਹੈ।

ਅੱਜ ਤੀਨ ਤਲਾਕ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰਕੇ ਮੁਸਲਿਮ ਔਰਤਾਂ ਨੂੰ ਨਿਆਂ ਮਿਲਿਆ। ਉੱਤਰ-ਪੂਰਬੀ ਰਾਜਾਂ ਨੂੰ ਬਿਹਤਰ ਤਰੀਕੇ ਨਾਲ ਜੋੜਨ ਲਈ ਬੁਨਿਆਦੀ ਢਾਂਚਾ ਅਤੇ ਆਰਥਿਕ ਪੈਕੇਜ ਦਿੱਤੇ ਗਏ। ਨਕਸਲਵਾਦ ਪ੍ਰਭਾਵਿਤ ਖੇਤਰਾਂ ਵਿੱਚ ਭਾਰੀ ਕਮੀ ਆਈ ਹੈ। ਰਾਸ਼ਟਰੀ ਸੁਰੱਖਿਆ ਵਿੱਚ ਆਧੁਨਿਕੀਕਰਨ ਹੋਇਆ- ਡਿਫੈਂਸ ਐਕਸਪੋਰਟਸ ਵਿੱਚ 34 ਗੁਣਾ ਵਾਧਾ ਹੋਇਆ ਹੈ।

ਅੱਜ ਆਰਥਿਕ ਤਬਦੀਲੀ ਰਿਫਾਰਮਜ਼ ਅਤੇ ਵਿਕਾਸ ਦੀ ਗਾਥਾ GST ਇੱਕ ਇਤਿਹਾਸਕ ਰਿਫਾਰਮ ਸੀ, ਜਿਸ ਨੇ ਭਾਰਤ ਨੂੰ ਇੱਕ ਏਕੀਕ੍ਰਿਤ ਬਾਜ਼ਾਰ ਬਣਾਇਆ। IBC, ਲੇਬਰ ਕੋਡਜ਼, ਕਾਰਪੋਰੇਟ ਟੈਕਸ ਘਟਾਉਣਾ ਅਤੇ DBT ਨੇ ਭ੍ਰਿਸ਼ਟਾਚਾਰ ਘਟਾਇਆ ਅਤੇ ਲਾਭ ਸਿੱਧੇ ਲਾਭਪਾਤਰੀਆਂ ਤੱਕ ਪਹੁੰਚਾਏ। ਇਨਫ਼ਰਾਸਟਰਕਚਰ ਵਿੱਚ ਇਤਿਹਾਸਕ ਨਿਵੇਸ਼ ਹੋਇਆ - ਹਵਾਈ ਅੱਡੇ 74 ਤੋਂ 160 ਤੋਂ ਵੱਧ ਗਏ, ਰਾਸ਼ਟਰੀ ਰਾਜਮਾਰਗਾਂ ਦੀ ਲੰਬਾਈ ਵਧੀ, ਵੰਦੇ ਭਾਰਤ ਟਰੇਨਾਂ ਚੱਲੀਆਂ ਅਤੇ ਸਟੈਚਿਊ ਆਫ ਯੂਨਿਟੀ ਵਰਗੇ ਪ੍ਰੋਜੈਕਟ ਪੂਰੇ ਹੋਏ। ਰਿਨਿਊਏਬਲ ਐਨਰਜੀ ਵਿੱਚ ਸੋਲਰ ਕੈਪੈਸਿਟੀ ਵੱਧ ਗਈ ਹੈ। ਅੱਜ ਡਿਫੈਂਸ ਐਕਸਪੋਰਟਸ ਵਧੇ ਹਨ। ਸਟਾਰਟਅੱਪ ਈਕੋਸਿਸਟਮ ਵਿਸ਼ਵ ਵਿੱਚ ਤੀਜੀ ਸਥਿਤੀ ਉੱਤੇ ਹੈ। UPI ਵਿਸ਼ਵ ਦਾ ਸਭ ਤੋਂ ਵੱਡਾ ਰੀਅਲ-ਟਾਈਮ ਪੇਮੈਂਟ ਸਿਸਟਮ ਬਣ ਗਿਆ ਹੈ। ਜਨ ਧਨ ਯੋਜਨਾ ਤਹਿਤ 55 ਕਰੋੜ ਤੋਂ ਵੱਧ ਖਾਤੇ ਖੋਲ੍ਹੇ ਗਏ। ਸਵੱਛ ਭਾਰਤ ਤਹਿਤ 12 ਕਰੋੜ ਟਾਇਲਟ ਬਣੇ। ਉਜਵਲਾ ਯੋਜਨਾ ਤਹਿਤ ਔਰਤਾਂ ਨੂੰ ਗੈਸ ਕੁਨੈਕਸ਼ਨ ਮਿਲੇ। ਆਯੂਸ਼ਮਾਨ ਭਾਰਤ ਤਹਿਤ ਲੱਖਾਂ ਲੋਕਾਂ ਨੂੰ ਸਿਹਤ ਬੀਮਾ ਮਿਲਿਆ। ਪੀਐੱਮ ਆਵਾਸ ਯੋਜਨਾ ਤਹਿਤ ਕਰੋੜਾਂ ਘਰ ਬਣੇ। COVID ਵੈਕਸੀਨ ਮੈਤਰੀ ਨੇ ਵਿਸ਼ਵ ਵਿੱਚ ਭਾਰਤ ਦੀ ਭੂਮਿਕਾ ਵਧਾਈ ਹੈ। ਅੱਜ ਆਰਥਿਕ ਵਿਕਾਸ ਵਿੱਚ ਭਾਰਤ ਵਿਸ਼ਵ ਦੀ ਸਭ ਤੋਂ ਤੇਜ਼ ਵਧ ਰਹੀ ਵੱਡੀ ਆਰਥਿਕਤਾ ਬਣਿਆ ਹੈ। GDP ਲਗਭਗ ਦੁੱਗਣਾ ਹੋਇਆ ਹੈ। ਇਹ ਬਦਲਾਅ ਡਿਜੀਟਲ ਇੰਡੀਆ, ਮੇਕ ਇਨ ਇੰਡੀਆ ਅਤੇ PLI ਸਕੀਮਾਂ ਦਾ ਨਤੀਜਾ ਹੈ। ਸਮਾਜਿਕ ਵਿਕਾਸ ਅਤੇ ਲੋਕ ਭਲਾਈ ਯੋਜਨਾਵਾਂ ਪਿਛਲੇ 12 ਸਾਲਾਂ ਵਿੱਚ ਗਰੀਬੀ ਉਨਮੂਲਨ ਵਿੱਚ ਵੱਡੀ ਤਰੱਕੀ ਹੋਈ ਹੈ। ਲੱਖਾਂ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮਿਲੀਆਂ ਹਨ। ਔਰਤਾਂ ਦਾ ਸਸ਼ਕਤੀਕਰਨ, ਯੁਵਕਾਂ ਲਈ ਰੋਜ਼ਗਾਰ ਅਤੇ ਕਿਸਾਨਾਂ ਲਈ ਯੋਜਨਾਵਾਂ ਨੇ ਸਮਾਜ ਦੇ ਹਰ ਵਰਗ ਨੂੰ ਛੂਹਿਆ ਹੈ। ਸਵੱਛ ਭਾਰਤ ਮਿਸ਼ਨ ਨੇ ਖੁੱਲ੍ਹੇ ਵਿੱਚ ਸ਼ੌਚ ਤੋਂ ਮੁਕਤੀ ਦਿਵਾਈ।

ਅੱਜ ਇਹ ਯੋਜਨਾਵਾਂ ਨਾ ਸਿਰਫ਼ ਲਾਭ ਪਹੁੰਚਾਉਂਦੀਆਂ ਹਨ ਬਲਕਿ ਲੋਕਾਂ ਵਿੱਚ ਆਤਮਵਿਸ਼ਵਾਸ ਵਧਾਉਂਦੀਆਂ ਹਨ। ਵਿਕਸਿਤ ਭਾਰਤ 2047: ਭਵਿੱਖ ਦੀ ਰੂਪਰੇਖਾ ਵਿਕਸਿਤ ਭਾਰਤ 2047 ਇੱਕ ਆਤਮਨਿਰਭਰ ਭਾਰਤ ਹੈ, ਜਿੱਥੇ GDP £30 ਟ੍ਰਿਲੀਅਨ ਤੱਕ ਪਹੁੰਚੇ, ਪ੍ਰਤੀ ਵਿਅਕਤੀ ਆਮਦਨ ਵਧੇ ਅਤੇ ਵਿਕਾਸ ਸਭ ਤੱਕ ਪਹੁੰਚੇ। ਇਸ ਵਿਜ਼ਨ ਦੇ ਚਾਰ ਮੁੱਖ ਥੰਮ੍ਹ ਹਨ। ਯੁਵਾ, ਗਰੀਬ, ਮਹਿਲਾਵਾਂ ਅਤੇ ਅੰਨਦਾਤਾ ਹਨ।

ਅੱਜ ਹੁਣ ਪੰਜ ਥੀਮ ਹਨ - ਸਸ਼ਕਤ ਭਾਰਤੀ, ਟਿਕਾਊ ਆਰਥਿਕਤਾ, ਨਵੀਨਤਾ ਅਤੇ ਤਕਨਾਲੋਜੀ, ਚੰਗੀ ਸ਼ਾਸਨ ਅਤੇ ਸੁਰੱਖਿਆ ਅਤੇ ਵਿਸ਼ਵ ਵਿੱਚ ਭਾਰਤ। ਇਸ ਵਿਜ਼ਨ ਵਿੱਚ ਸਿੱਖਿਆ, ਸਿਹਤ, ਇਨਫ਼ਰਾਸਟਰਕਚਰ, ਟਿਕਾਊ ਵਿਕਾਸ ਅਤੇ ਤਕਨਾਲੋਜੀ ਉੱਤੇ ਧਿਆਨ ਕੇਂਦਰਿਤ ਹੈ। ਅੱਜ ਭਾਰਤ ਨੂੰ ਗਲੋਬਲ ਮੈਨੂਫੈਕਚਰਿੰਗ ਹੱਬ ਬਣਾਉਣਾ, ਭਾਰਤੀ ਗਿਆਨ ਪ੍ਰਣਾਲੀ ਨੂੰ ਉਤਸ਼ਾਹਿਤ ਕਰਨਾ ਅਤੇ ਗ੍ਰੀਨ ਐਨਰਜੀ ਵਿੱਚ ਲੀਡਰ ਬਣਨਾ ਹੈ। ਚੁਣੌਤੀਆਂ ਅਤੇ ਰਾਹ ਬੇਰੁਜ਼ਗਾਰੀ, ਵਾਤਾਵਰਣੀ ਮੁੱਦੇ, ਆਯਾਤ-ਨਿਰਯਾਤ ਬੈਲੈਂਸ ਅਤੇ ਸਮਾਜਿਕ ਬਰਾਬਰੀ ਵਰਗੀਆਂ ਚੁਣੌਤੀਆਂ ਰਹਿਣਗੀਆਂ ਪਰ ਰਿਫਾਰਮਜ਼, ਡਿਜੀਟਲ ਇੰਡੀਆ ਅਤੇ ਲੋਕਾਂ ਦੀ ਭਾਗੀਦਾਰੀ ਨਾਲ ਇਨ੍ਹਾਂ ਨੂੰ ਹੱਲ ਕੀਤਾ ਜਾ ਸਕਦਾ ਹੈ। ਭਵਿੱਖ ਵਿੱਚ ਭਾਰਤ ਨੂੰ ਆਪਣੀਆਂ ਜੜ੍ਹਾਂ ਨੂੰ ਮਜ਼ਬੂਤ ਰੱਖਦਿਆਂ ਆਧੁਨਿਕਤਾ ਵੱਲ ਵਧਣਾ ਹੈ। ਅੱਜ ਇੱਕ ਨਵੀਂ ਸਵੇਰ, ਪਿਛਲੇ 12 ਸਾਲਾਂ ਨੇ ਭਾਰਤ ਨੂੰ ਇੱਕ ਨਵਾਂ ਰੂਪ ਦਿੱਤਾ ਹੈ। ਇੱਕ ਉਸ ਵੇਲੇ ਦਾ ਭਾਰਤ ਜੋ ਸੰਕਟਾਂ ਵਿੱਚ ਘਿਰਿਆ ਹੋਇਆ ਸੀ, ਅੱਜ ਇੱਕ ਆਤਮਵਿਸ਼ਵਾਸੀ, ਉਭਰਦੀ ਮਹਾਸ਼ਕਤੀ ਬਣ ਗਿਆ ਹੈ। ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਇਹ ਯਾਤਰਾ ਜਾਰੀ ਰਹੇਗੀ। ਅੱਜ ਲੱਖਾਂ ਭਾਰਤੀਆਂ ਦਾ ਯਤਨ ਹੀ ਇਸ ਨਵੇਂ ਭਾਰਤਵਰਸ਼ ਨੂੰ 2047 ਤੱਕ ਵਿਕਸਿਤ ਬਣਾਏਗਾ - ਇੱਕ ਭਾਰਤ ਜਿੱਥੇ ਹਰ ਨਾਗਰਿਕ ਸਨਮਾਨ ਨਾਲ ਜੀਵਨ ਬਤੀਤ ਕਰੇ, ਵਿਕਾਸ ਸਭ ਤੱਕ ਪਹੁੰਚੇ ਅਤੇ ਭਾਰਤ ਵਿਸ਼ਵ ਦਾ ਗੁਰੂ ਬਣੇ।

# ਸੇਵਾ, ਸੁਸ਼ਾਸਨ ਅਤੇ ਦ੍ਰਿੜਤਾ ਦਾ ਇੱਕ ਸੁਨਹਿਰੀ ਅਧਿਆਇ



ਨਾਇਬ ਸਿੰਘ ਸੈਣੀ
ਮੁੱਖ ਮੰਤਰੀ ਹਰਿਆਣਾ

ਕੁਝ ਦੌਰ ਅਜਿਹੇ ਯੁੱਗ ਬਣ ਜਾਂਦੇ ਹਨ ਜੋ ਕਿਸੇ ਰਾਸ਼ਟਰ ਦੀ ਦਿਸ਼ਾ ਅਤੇ ਸਥਿਤੀ ਨੂੰ ਬਦਲ ਦਿੰਦੇ ਹਨ। ਇਹ ਇਤਿਹਾਸ ਦੇ ਇੱਕ ਵੱਖਰੇ ਅਧਿਆਇ ਵਜੋਂ ਲਿਖੇ ਗਏ ਹਨ। ਅਜਿਹਾ ਇੱਕ ਅਧਿਆਇ ਪਿਛਲੇ 12 ਸਾਲਾਂ ਵਿੱਚ ਭਾਰਤ ਦੇ ਲੋਕਤੰਤਰੀ ਇਤਿਹਾਸ ਵਿੱਚ ਲਿਖਿਆ ਗਿਆ ਹੈ। ਇਹ ਯੁੱਗ ਰਾਸ਼ਟਰੀ ਚੇਤਨਾ ਦੇ ਜਾਗਰਣ, ਵਿਸ਼ਵ ਪੱਧਰ 'ਤੇ ਭਾਰਤ ਦੀ ਇੱਕ ਸ਼ਕਤੀਸ਼ਾਲੀ ਰਾਸ਼ਟਰ ਵਜੋਂ ਮਾਨਤਾ, ਅਤੇ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਦੇ ਪੁਨਰ-ਉਥਾਨ ਨੂੰ ਦਰਸਾਉਂਦਾ ਹੈ। ਅਤੇ ਇਸ ਯੁੱਗ ਦੀ ਅਗਵਾਈ ਇੱਕ ਰਾਸ਼ਟਰੀ ਨੇਤਾ ਦੁਆਰਾ ਕੀਤੀ ਜਾ ਰਹੀ ਹੈ ਜੋ 1.4 ਅਰਬ ਭਾਰਤੀਆਂ ਦੇ ਅਟੁੱਟ ਵਿਸ਼ਵਾਸ, ਇੱਛਾਵਾਂ ਅਤੇ ਸੁਪਨਿਆਂ ਨੂੰ ਦਰਸਾਉਂਦਾ ਹੈ। ਆਜ਼ਾਦੀ ਤੋਂ ਬਾਅਦ ਇਹ ਦੂਜਾ ਮੌਕਾ ਹੈ ਜਦੋਂ ਭਾਰਤ ਦੇ ਲੋਕਾਂ ਨੇ ਲਗਾਤਾਰ ਤਿੰਨ ਵਾਰ ਆਪਣੀਆਂ ਉਮੀਦਾਂ ਅਤੇ ਇੱਛਾਵਾਂ ਨੂੰ ਪੂਰਾ ਕਰਨ ਲਈ ਇੱਕ ਨੇਤਾ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਹੈ। ਲੋਕਾਂ ਨੇ ਵਾਰ-ਵਾਰ ਇੱਕ ਅਜਿਹੀ ਲੀਡਰਸ਼ਿਪ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਹੈ ਜਿਸਨੇ ਹਰ ਫੈਸਲੇ ਅਤੇ ਹਰ ਨੀਤੀ ਦੇ ਕੇਂਦਰ ਵਿੱਚ ਰਾਸ਼ਟਰ ਨੂੰ ਪਹਿਲਾਂ ਰੱਖਿਆ। ਅਸੀਂ ਇਸ ਮਹਾਨ ਲੀਡਰਸ਼ਿਪ ਨੂੰ ਸਲਾਮ ਕਰਦੇ ਹਾਂ। ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਸਰਕਾਰ ਦੇ 12 ਸਾਲਾਂ ਦੀ ਸਮਾਪਤੀ ਭਾਰਤ ਦੇ ਆਤਮ-ਵਿਸ਼ਵਾਸ, ਸਵੈ-ਨਿਰਭਰਤਾ ਅਤੇ ਵਿਸ਼ਵਵਿਆਪੀ ਵੱਕਾਰ ਦੇ ਪੁਨਰਜਾਗਰਣ ਦੀ ਗਾਥਾ ਹੈ। ਇੱਕ ਸਮਾਂ ਸੀ ਜਦੋਂ ਭਾਰਤ ਨੂੰ ਸੰਭਾਵਨਾਵਾਂ ਦੀ ਧਰਤੀ ਕਿਹਾ ਜਾਂਦਾ ਸੀ, ਪਰ ਅੱਜ, ਭਾਰਤ ਦੁਨੀਆ ਦੇ ਸਾਹਮਣੇ ਪ੍ਰਾਪਤੀਆਂ ਦੀ ਧਰਤੀ ਵਜੋਂ ਖੜ੍ਹਾ ਹੈ। ਇਹ ਪਰਿਵਰਤਨ ਇੱਕ ਸਿੰਗਲ ਯੋਜਨਾ, ਇੱਕ ਸਿੰਗਲ ਫੈਸਲੇ, ਜਾਂ ਇੱਕ ਸਿੰਗਲ ਸੈਕਟਰ ਤੱਕ ਸੀਮਿਤ ਨਹੀਂ ਹੈ; ਸਗੋਂ, ਇਹ ਸੰਪੂਰਨ ਰਾਸ਼ਟਰ-ਨਿਰਮਾਣ ਦੀ ਇੱਕ ਵਿਆਪਕ ਪ੍ਰਕਿਰਿਆ ਦਾ ਨਤੀਜਾ ਹੈ। ਭਾਰਤ ਹਜ਼ਾਰਾਂ ਸਾਲ ਪੁਰਾਣੀ ਇੱਕ ਸੱਭਿਅਤਾ ਹੈ। ਇਹ ਉਹ ਧਰਤੀ ਹੈ ਜਿਸਨੇ ਦੁਨੀਆ ਨੂੰ ਯੋਗ, ਆਯੁਰਵੇਦ, ਧਿਆਨ, ਦਰਸ਼ਨ ਅਤੇ ਮਨੁੱਖੀ ਭਲਾਈ ਦਾ ਰਸਤਾ ਦਿਖਾਇਆ। ਪਰ ਬਹੁਤ ਲੰਬੇ ਸਮੇਂ ਤੱਕ, ਅਸੀਂ ਇਸ ਅਨਮੋਲ ਵਿਰਾਸਤ ਨੂੰ ਇਤਿਹਾਸ ਦੀਆਂ ਕਿਤਾਬਾਂ ਤੱਕ ਸੀਮਤ ਰੱਖਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਭਾਰਤ ਨੇ ਆਪਣੀ ਸੱਭਿਆਚਾਰਕ ਚੇਤਨਾ ਨੂੰ ਮੁੜ ਜਗਾਇਆ। ਉਨ੍ਹਾਂ ਨੇ ਇਹ ਸੰਦੇਸ਼ ਫੈਲਾਇਆ ਕਿ ਆਧੁਨਿਕਤਾ ਅਤੇ ਪਰੰਪਰਾ ਵਿਰੋਧੀ ਨਹੀਂ ਹਨ, ਸਗੋਂ ਇੱਕ ਦੂਜੇ ਦੇ ਪੂਰਕ ਹਨ। ਅੱਜ, ਦੁਨੀਆ ਭਰ ਦੇ 190 ਤੋਂ ਵੱਧ ਦੇਸ਼ਾਂ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਜਾਂਦਾ ਹੈ। ਕਾਸ਼ੀ ਵਿਸ਼ਵਨਾਥ ਧਾਮ ਦਾ ਪੁਨਰ ਵਿਕਾਸ, ਮਹਾਕਾਲ ਲੋਕ, ਕੇਦਾਰਨਾਥ ਦਾ ਪੁਨਰ ਨਿਰਮਾਣ ਅਤੇ ਅਯੁੱਧਿਆ ਵਿੱਚ ਸ਼ਾਨਦਾਰ ਸ਼੍ਰੀ ਰਾਮ ਮੰਦਰ ਦਾ ਨਿਰਮਾਣ ਸਿਰਫ਼ ਧਾਰਮਿਕ ਪ੍ਰੋਜੈਕਟ ਨਹੀਂ ਹਨ, ਸਗੋਂ ਭਾਰਤ ਦੀ ਸੱਭਿਆਚਾਰਕ ਪਛਾਣ ਦੇ ਪੁਨਰਜਾਗਰਣ ਦੇ ਪ੍ਰਤੀਕ ਹਨ। ਇਨ੍ਹਾਂ ਪਹਿਲਕਦਮੀਆਂ ਨੇ ਲੱਖਾਂ ਭਾਰਤੀਆਂ ਵਿੱਚ ਆਪਣੀ ਸੱਭਿਅਤਾ ਅਤੇ ਸੱਭਿਆਚਾਰ ਵਿੱਚ ਇੱਕ ਨਵਾਂ ਮਾਣ ਪੈਦਾ ਕੀਤਾ ਹੈ। ਸੱਭਿਆਚਾਰਕ ਪੁਨਰਜਾਗਰਣ ਦੇ ਨਾਲ-ਨਾਲ, ਭਾਰਤ ਨੇ ਆਰਥਿਕ ਖੇਤਰ ਵਿੱਚ ਵੀ ਬੇਮਿਸਾਲ ਪ੍ਰਾਪਤੀਆਂ ਪ੍ਰਾਪਤ ਕੀਤੀਆਂ ਹਨ। 2014 ਵਿੱਚ, ਭਾਰਤ ਦੁਨੀਆ ਦੀ 11ਵੀਂ ਸਭ ਤੋਂ ਵੱਡੀ ਅਰਥਵਿਵਸਥਾ ਸੀ। ਅੱਜ, ਭਾਰਤ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਲਈ ਤਿਆਰ ਹੈ। ਇਹ ਪ੍ਰਾਪਤੀ ਲੱਖਾਂ ਭਾਰਤੀਆਂ ਦੇ ਜੀਵਨ ਪੱਧਰ ਵਿੱਚ ਸੁਧਾਰ ਦਾ ਸੰਕੇਤ ਦਿੰਦੀ ਹੈ। ਵਿਸ਼ਵਵਿਆਪੀ ਮਹਾਂਮਾਰੀ, ਯੁੱਧ, ਆਰਥਿਕ ਮੰਦੀ ਅਤੇ ਸਪਲਾਈ ਲੜੀ ਸੰਕਟ ਵਰਗੀਆਂ ਚੁਣੌਤੀਆਂ ਦੇ ਬਾਵਜੂਦ, ਭਾਰਤ ਦੁਨੀਆ ਦੀਆਂ ਸਭ ਤੋਂ ਤੇਜ਼ੀ ਨਾਲ ਵਧ ਰਹੀਆਂ ਪ੍ਰਮੁੱਖ ਅਰਥਵਿਵਸਥਾਵਾਂ ਵਿੱਚੋਂ ਇੱਕ ਬਣਿਆ ਹੋਇਆ ਹੈ। ਵਸਤੂਆਂ ਅਤੇ ਸੇਵਾਵਾਂ ਟੈਕਸ , ਉਤਪਾਦਨ-ਲਿੰਕਡ ਇਨਸੈਂਟਿਵ ਸਕੀਮ, ਅਤੇ ਕਾਰੋਬਾਰ ਕਰਨ ਵਿੱਚ ਆਸਾਨੀ ਵਰਗੀਆਂ ਪਹਿਲਕਦਮੀਆਂ ਨੇ ਭਾਰਤ ਨੂੰ ਨਿਵੇਸ਼ ਅਤੇ ਨਿਰਮਾਣ ਲਈ ਇੱਕ ਪ੍ਰਮੁੱਖ ਕੇਂਦਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਜੇਕਰ ਇਹਨਾਂ 12 ਸਾਲਾਂ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿੱਚੋਂ ਇੱਕ ਤਬਦੀਲੀ ਨੂੰ ਖਾਸ ਤੌਰ @ਤੇ ਉਜਾਗਰ ਕੀਤਾ ਜਾਂਦਾ ਹੈ, ਤਾਂ ਉਹ ਭਾਰਤ ਦੀ ਡਿਜੀਟਲ ਕ੍ਰਾਂਤੀ ਹੈ। ਇੱਕ ਸਮਾਂ ਸੀ ਜਦੋਂ ਸਰਕਾਰੀ ਯੋਜਨਾਵਾਂ ਦੇ ਲਾਭ ਯੋਗ ਵਿਅਕਤੀਆਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਪ੍ਰਣਾਲੀਗਤ ਖਾਮੀਆਂ ਕਾਰਨ ਗੁਆਚ ਜਾਂਦੇ ਸਨ। ਭ੍ਰਿਸ਼ਟਾਚਾਰ ਅਤੇ ਵਿਚੋਲਿਆਂ ਦੀ ਭੂਮਿਕਾ ਚਰਚਾ ਦੇ ਆਮ ਵਿਸ਼ੇ ਸਨ। ਅੱਜ, ਜਨਤਕ ਫੰਡਾਂ ਅਤੇ ਤਕਨਾਲੋਜੀ ਦੀ ਸ਼ਕਤੀ ਨੇ ਇਸ ਸਥਿਤੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। 530 ਮਿਲੀਅਨ ਤੋਂ ਵੱਧ ਜਨ ਧਨ ਖਾਤਿਆਂ ਅਤੇ ਦੁਨੀਆ ਦੇ ਸਭ ਤੋਂ ਵੱਧ UPI ਟ੍ਰਾਂਸਫਰ ਨੇ ਭਾਰਤ ਨੂੰ ਡਿਜੀਟਲ ਸ਼ਾਸਨ ਦਾ ਇੱਕ ਗਲੋਬਲ ਮਾਡਲ ਬਣਾਇਆ ਹੈ। DBT ਰਾਹੀਂ 51 ਲੱਖ ਕਰੋੜ ਤੋਂ ਵੱਧ ਸਿੱਧੇ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਟ੍ਰਾਂਸਫਰ ਕੀਤੇ ਗਏ ਹਨ। ਇਸ ਨਾਲ ਪਾਰਦਰਸ਼ਤਾ ਵਧੀ ਹੈ ਅਤੇ ਗਰੀਬਾਂ ਨੂੰ ਸਸ਼ਕਤ ਬਣਾਇਆ ਗਿਆ ਹੈ। ਮੋਦੀ ਸਰਕਾਰ ਦੇ 12 ਸਾਲਾਂ ਦੀ ਸਭ ਤੋਂ ਮਹੱਤਵਪੂਰਨ ਪ੍ਰਾਪਤੀ ਗਰੀਬਾਂ ਦਾ ਕਲਿਆਣ ਰਿਹਾ ਹੈ। ਪੰਡਿਤ ਦੀਨਦਿਆਲ ਉਪਾਧਿਆਏ ਦੇ ਅੰਤਯੋਦਯ ਦੇ ਸਿਧਾਂਤ ਨੂੰ ਅਮਲ ਵਿੱਚ ਲਿਆਉਂਦੇ ਹੋਏ, ਉਨ੍ਹਾਂ ਨੇ ਸਮਾਜ ਦੇ ਆਖਰੀ ਵਿਅਕਤੀ ਤੱਕ ਵਿਕਾਸ ਦੇ ਪ੍ਰਵਾਹ ਨੂੰ ਲਿਆਂਦਾ ਹੈ। ਪ੍ਰਧਾਨ ਮੰਤਰੀ ਆਵਾਸ ਯੋਜਨਾ ਨੇ 40 ਮਿਲੀਅਨ ਪਰਿਵਾਰਾਂ ਨੂੰ ਸਥਾਈ ਘਰ ਪ੍ਰਦਾਨ ਕੀਤੇ। ਉੱਜਵਲਾ ਯੋਜਨਾ (ਉਜਵਲਾ ਯੋਜਨਾ) ਨੇ ਲਗਭਗ 110 ਮਿਲੀਅਨ ਗਰੀਬ ਮਾਵਾਂ ਨੂੰ ਚੁੱਲ੍ਹੇ ਦੇ ਧੂੰਏਂ ਤੋਂ ਮੁਕਤ ਕੀਤਾ। ਸਵੱਛ ਭਾਰਤ ਮਿਸ਼ਨ (ਸਵੱਛ ਭਾਰਤ ਮਿਸ਼ਨ) ਨੇ 120 ਮਿਲੀਅਨ ਤੋਂ ਵੱਧ ਪਖਾਨੇ ਬਣਾ ਕੇ ਔਰਤਾਂ ਦੀ ਇੱਜ਼ਤ ਅਤੇ ਸਿਹਤ ਦੀ ਰੱਖਿਆ ਕੀਤੀ। ਜਲ ਜੀਵਨ ਮਿਸ਼ਨ (ਜਲ ਜੀਵਨ ਮਿਸ਼ਨ) ਨੇ ਹਰ ਪਿੰਡ ਨੂੰ ਟੂਟੀ ਦਾ ਪਾਣੀ ਪ੍ਰਦਾਨ ਕੀਤਾ। ਆਯੁਸ਼ਮਾਨ ਭਾਰਤ ਯੋਜਨਾ (ਆਯੁਸ਼ਮਾਨ ਭਾਰਤ ਯੋਜਨਾ) ਨੇ 600 ਮਿਲੀਅਨ ਗਰੀਬ ਪਰਿਵਾਰਾਂ ਨੂੰ ਸਿਹਤ ਸੁਰੱਖਿਆ ਪ੍ਰਦਾਨ ਕੀਤੀ। ਇਨ੍ਹਾਂ ਯੋਜਨਾਵਾਂ ਨੇ ਲੱਖਾਂ ਲੋਕਾਂ ਦੇ ਜੀਵਨ ਵਿੱਚ ਮਾਣ, ਸੁਰੱਖਿਆ ਅਤੇ ਆਤਮਵਿਸ਼ਵਾਸ ਪੈਦਾ ਕੀਤਾ ਹੈ। 2020 ਵਿੱਚ, ਜਦੋਂ ਪੂਰੀ ਦੁਨੀਆ ਕੋਵਿਡ-19 ਮਹਾਂਮਾਰੀ ਦੀ ਲਪੇਟ ਵਿੱਚ ਸੀ, ਭਾਰਤ ਨੂੰ ਵੀ ਇੱਕ ਮੁਸ਼ਕਲ ਸਥਿਤੀ ਦਾ ਸਾਹਮਣਾ ਕਰਨਾ ਪਿਆ। ਹਾਲਾਂਕਿ, ਮਾਣਯੋਗ ਪ੍ਰਧਾਨ ਮੰਤਰੀ ਦੀ ਯੋਗ ਅਗਵਾਈ ਹੇਠ, ਭਾਰਤ ਨੇ ਆਫ਼ਤ ਨੂੰ ਮੌਕੇ ਵਿੱਚ ਬਦਲ ਕੇ ਆਪਣੀ ਸਮਰੱਥਾ ਅਤੇ ਅਗਵਾਈ ਦਾ ਪ੍ਰਦਰਸ਼ਨ ਕੀਤਾ। ਜੋ ਕਦੇ ਟੀਕਾ ਆਯਾਤਕ ਸੀ, ਉਹ ਦੁਨੀਆ ਦਾ ਸਭ ਤੋਂ ਵੱਡਾ ਟੀਕਾ ਉਤਪਾਦਕ ਅਤੇ ਸਪਲਾਇਰ ਬਣ ਗਿਆ। ਟੀਕਾ ਮੈਤਰੀ ਮੁਹਿੰਮ ਰਾਹੀਂ, ਭਾਰਤ ਨੇ ਲਗਭਗ 60 ਦੇਸ਼ਾਂ ਦੀ ਸਹਾਇਤਾ ਕੀਤੀ ਅਤੇ ਮਨੁੱਖਤਾ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ। ਇਹ ਉਹ ਸਮਾਂ ਸੀ ਜਦੋਂ ਆਤਮ-ਨਿਰਭਰ ਭਾਰਤ ਦਾ ਸੰਕਲਪ ਇੱਕ ਰਾਸ਼ਟਰੀ ਅੰਦੋਲਨ ਵਿੱਚ ਬਦਲਣਾ ਸ਼ੁਰੂ ਹੋਇਆ। ਭਾਰਤ ਨੇ ਰੱਖਿਆ ਉਤਪਾਦਨ, ਇਲੈਕਟ੍ਰਾਨਿਕਸ, ਮੋਬਾਈਲ ਨਿਰਮਾਣ, ਸੈਮੀਕੰਡਕਟਰ, ਹਰੀ ਊਰਜਾ ਅਤੇ ਨਿਰਮਾਣ ਵਰਗੇ ਖੇਤਰਾਂ ਵਿੱਚ ਸਵੈ-ਨਿਰਭਰਤਾ ਵੱਲ ਇਤਿਹਾਸਕ ਕਦਮ ਚੁੱਕੇ। ਅੱਜ, ਵਿਸ਼ਵ ਮੰਚ 'ਤੇ ਭਾਰਤ ਦੀ ਭੂਮਿਕਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਪ੍ਰਭਾਵਸ਼ਾਲੀ ਅਤੇ ਨਿਰਣਾਇਕ ਹੈ। ਇੱਕ ਸਮਾਂ ਸੀ ਜਦੋਂ ਭਾਰਤ ਨੂੰ ਵਿਸ਼ਵਵਿਆਪੀ ਘਟਨਾਵਾਂ ਦਾ ਨਿਰੀਖਕ ਮੰਨਿਆ ਜਾਂਦਾ ਸੀ। ਪਰ ਅੱਜ, ਭਾਰਤ ਵਿਸ਼ਵਵਿਆਪੀ ਭਾਸ਼ਣ ਦੀ ਅਗਵਾਈ ਕਰ ਰਿਹਾ ਹੈ। 7-20 ਦੀ ਇਸਦੀ ਸਫਲ ਪ੍ਰਧਾਨਗੀ, ਇੱਕ ਧਰਤੀ, ਇੱਕ ਪਰਿਵਾਰ, ਇੱਕ ਭਵਿੱਖ ਦਾ ਇਸਦਾ ਸੰਦੇਸ਼, ਗਲੋਬਲ ਸਾਊਥ ਦੀ ਆਵਾਜ਼ ਨੂੰ ਉਤਸ਼ਾਹਿਤ ਕਰਨਾ, ਅਤੇ ਇਸਦੀ ਸੰਤੁਲਿਤ ਵਿਦੇਸ਼ ਨੀਤੀ ਨੇ ਵਿਸ਼ਵ ਅਰਥਵਿਵਸਥਾ ਵਿੱਚ ਯੋਗਦਾਨ ਪਾਇਆ ਹੈ।



ਵਿੰਕਲਜੀਤ ਸਿੰਘ ਸਰਾ
9501477889

## ਹੈਨਰੀ ਨੋਵਕ ਕਤਲ ਕਾਂਡ

# ਇੱਕ ਵਿਅਕਤੀਗਤ ਅਪਰਾਧ ਨੂੰ ਸਮੁੱਚੇ ਸਿੱਖ ਭਾਈਚਾਰੇ ਅਤੇ ਧਾਰਮਿਕ ਚਿੰਨ੍ਹਾਂ ਨਾਲ ਜੋੜਨਾ ਕਿੰਨਾ ਕੁ ਪ੍ਰਸੰਗਿਕ ?

ਗਲੋਬਲ ਪੱਧਰ 'ਤੇ ਜਦੋਂ ਵੀ ਕੋਈ ਅਪਰਾਧਿਕ ਘਟਨਾ ਵਾਪਰਦੀ ਹੈ, ਤਾਂ ਪੱਤਰਕਾਰੀ ਅਤੇ ਰਾਜਨੀਤੀ ਦਾ ਸਭ ਤੋਂ ਵੱਡਾ ਇਮਤਿਹਾਨ ਇਹ ਹੁੰਦਾ ਹੈ ਕਿ ਉਸ ਘਟਨਾ ਨੂੰ ਕਿਸ ਨਜ਼ਰੀਏ ਨਾਲ ਦੇਖਿਆ ਅਤੇ ਪ੍ਰਚਾਰਿਆ ਜਾਂਦਾ ਹੈ। ਬੀਤੇ ਦਿਨੀਂ ਇੰਗਲੈਂਡ ਦੇ ਸਾਊਥਹੈਂਪਟਨ ਸ਼ਹਿਰ ਵਿੱਚ ਵਾਪਰੀ ਇੱਕ ਬੇਹੱਦ ਮੰਦਭਾਗੀ ਅਤੇ ਦੁਖਦਾਈ ਘਟਨਾ ਨੇ ਇੱਕ ਵਾਰ ਫਿਰ ਅੰਤਰਰਾਸ਼ਟਰੀ ਮੀਡੀਆ, ਸਥਾਨਕ ਸਿਆਸਤਦਾਨਾਂ ਅਤੇ ਕਾਨੂੰਨ ਸੁਰੱਖਿਆ ਏਜੰਸੀਆਂ ਦੇ ਸਾਹਮਣੇ ਸੰਵੇਦਨਸ਼ੀਲਤਾ ਅਤੇ ਪੱਖਪਾਤ-ਰਹਿਤ ਪਹੁੰਚ ਅਪਣਾਉਣ ਦੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। 3 ਦਸੰਬਰ 2025 ਨੂੰ 18 ਸਾਲਾ ਬ੍ਰਿਟਿਸ਼ ਨੌਜਵਾਨ ਹੈਨਰੀ ਨੋਵਕ (Henry Nowak) ਦੀ ਵਿਕਰਮ ਸਿੰਘ ਦਿਗਵਾ (23 ਸਾਲ) ਨਾਮ ਦੇ ਇੱਕ ਸਿੱਖ ਨੌਜਵਾਨ ਵੱਲੋਂ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਨਿਰਸੰਦੇਹ ਇੱਕ ਘਿਨਾਉਣਾ ਅਪਰਾਧ ਹੈ, ਜਿਸ ਦੀ ਜਿੰਨੀ ਵੀ ਨਿੰਦਾ ਕੀਤੀ ਜਾਵੇ, ਘੱਟ ਹੈ। ਪਰ ਇਸ ਘਟਨਾ ਤੋਂ ਤੁਰੰਤ ਬਾਅਦ ਬ੍ਰਿਟਿਸ਼ ਮੀਡੀਆ ਦੇ ਇੱਕ ਹਿੱਸੇ ਅਤੇ ਕੁਝ ਸੱਜੇ-ਪੱਖੀ ਸਿਆਸੀ ਹਲਕਿਆਂ ਵੱਲੋਂ ਜਿਸ ਤਰ੍ਹਾਂ ਇਸ ਮਾਮਲੇ ਨੂੰ ਮੋੜ ਦੇ ਕੇ ਸਮੁੱਚੀ ਸਿੱਖ ਕੌਮ ਅਤੇ ਉਨ੍ਹਾਂ ਦੇ ਪਵਿੱਤਰ ਧਾਰਮਿਕ ਚਿੰਨ੍ਹ 'ਕਿਰਪਾਨ' ਨੂੰ ਕਟਹਿਰੇ ਵਿੱਚ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਉਸ ਨੇ ਪੱਤਰਕਾਰੀ ਦੇ ਮਿਆਰਾਂ ਅਤੇ ਨਿਰਪੱਖਤਾ 'ਤੇ ਵੱਡੇ ਸਵਾਲੀਆ ਨਿਸ਼ਾਨ ਲਗਾ ਦਿੱਤੇ ਹਨ। ਇੱਕ ਸੀਨੀਅਰ ਸੰਪਾਦਕ ਦੀ ਕਲਮ ਤੋਂ, ਕਿਸੇ ਵੀ ਤਰ੍ਹਾਂ ਦੇ ਪੱਖਪਾਤ ਤੋਂ ਰਹਿਤ ਹੋ ਕੇ, ਇਸ ਪੂਰੇ ਮਾਮਲੇ ਇਸ ਦੇ ਇਤਿਹਾਸਕ ਪ੍ਰਸੰਗ ਅਤੇ ਕਾਨੂੰਨੀ ਪਹਿਲੂਆਂ ਦਾ ਵਿਸ਼ਲੇਸ਼ਣ ਕਰਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ।

**ਵਿਅਕਤੀਗਤ ਅਪਰਾਧ ਬਨਾਮ ਭਾਈਚਾਰਕ ਪਛਾਣ; ਇੱਕ ਗਲਤ ਰੁਝਾਨ :** ਕਿਸੇ ਵੀ ਜਮਹੂਰੀ ਅਤੇ ਸਭਿਅਕ ਸਮਾਜ ਦਾ ਇਹ ਮੁਢਲਾ ਨਿਯਮ ਹੁੰਦਾ ਹੈ ਕਿ ਅਪਰਾਧ ਦੀ ਕੋਈ ਜਾਤ, ਧਰਮ ਜਾਂ ਨਸਲ ਨਹੀਂ ਹੁੰਦੀ। ਜੇਕਰ ਕੋਈ ਵਿਅਕਤੀ ਕਿਸੇ ਕਾਨੂੰਨ ਦੀ ਉਲੰਘਣਾ ਕਰਦਾ ਹੈ ਜਾਂ ਕਿਸੇ ਦੀ ਜਾਨ ਲੈਂਦਾ ਹੈ, ਤਾਂ ਉਹ ਕਾਨੂੰਨ ਦੀ ਨਜ਼ਰ ਵਿੱਚ ਸਿਰਫ਼ ਇੱਕ 'ਅਪਰਾਧੀ' ਹੈ। ਹੈਨਰੀ ਨੋਵਕ ਦੇ ਕਤਲ ਮਾਮਲੇ ਵਿੱਚ ਦੋਸ਼ੀ ਵਿਕਰਮ ਸਿੰਘ ਦਿਗਵਾ ਦੇ ਨਿੱਜੀ ਕਾਰੇ ਨੂੰ ਪੂਰੇ ਬ੍ਰਿਟਿਸ਼ ਸਿੱਖ ਭਾਈਚਾਰੇ ਨਾਲ ਜੋੜ ਕੇ ਦੇਖਣਾ ਨਾ ਸਿਰਫ਼ ਗੈਰ-ਪੇਸ਼ੇਵਰ ਪੱਤਰਕਾਰੀ ਹੈ, ਸਗੋਂ ਇਹ ਉਸ ਭਾਈਚਾਰੇ ਦੇ ਅਕਸ ਨੂੰ ਵੀ ਢਾਹ ਲਗਾਉਣ ਦੀ ਕੋਸ਼ਿਸ਼ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬ੍ਰਿਟੇਨ ਦੇ ਵਿਕਾਸ, ਅਮਨ-ਕਾਨੂੰਨ ਅਤੇ ਸਮਾਜਿਕ ਤਾਣੇ-ਬਾਣੇ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾ ਰਿਹਾ ਹੈ। ਬ੍ਰਿਟੇਨ ਵਿੱਚ ਵਸਦੇ ਲੱਖਾਂ ਸਿੱਖਾਂ ਨੇ ਹਮੇਸ਼ਾ ਉੱਥੋਂ ਦੇ ਕਾਨੂੰਨ ਦਾ ਸਤਿਕਾਰ ਕੀਤਾ ਹੈ, ਇਸ ਲਈ ਕਿਸੇ ਇੱਕ ਵਿਅਕਤੀ ਦੇ ਮਾਨਸਿਕ ਸੰਤੁਲਨ ਜਾਂ ਨਿੱਜੀ ਰੰਜਿਸ਼/ਅਪਰਾਧ ਦੀ ਸਜ਼ਾ ਪੂਰੀ ਕੌਮ ਨੂੰ ਨਹੀਂ ਦਿੱਤੀ ਜਾ ਸਕਦੀ।

**ਹਥਿਆਰ ਦਾ ਸੱਚ ਅਤੇ ਅਦਾਲਤੀ ਟਿੱਪਣੀ :** ਇਸ ਪੂਰੇ ਵਿਵਾਦ ਦਾ ਸਭ ਤੋਂ ਵੱਡਾ ਪਹਿਲੂ ਉਹ ਹਥਿਆਰ ਹੈ, ਜਿਸ ਨਾਲ ਇਹ ਕਤਲ ਕੀਤਾ ਗਿਆ। ਬ੍ਰਿਟਿਸ਼ ਮੀਡੀਆ ਦੇ ਕਈ ਪ੍ਰਮੁੱਖ ਅਦਾਰਿਆਂ ਨੇ ਬਿਨਾਂ ਕਿਸੇ ਡੂੰਘੀ ਪੜਤਾਲ ਦੇ ਇਸ ਹਥਿਆਰ ਨੂੰ 'ਕਿਰਪਾਨ' ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ, ਜਿਸ ਨਾਲ ਆਮ ਜਨਤਾ ਵਿੱਚ ਭੁਲੇਖਾ ਪੈਦਾ ਹੋਇਆ। ਪਰ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ, ਕੇਸ ਦੀ ਸੁਣਵਾਈ ਕਰ ਰਹੇ ਅਦਾਲਤ ਦੇ ਜੱਜ ਨੇ ਖੁਦ ਸਪੱਸ਼ਟ ਕੀਤਾ ਕਿ: ਦੋਸ਼ੀ ਨੌਜਵਾਨ (ਵਿਕਰਮ ਸਿੰਘ) ਕੋਈ 'ਅੰਮ੍ਰਿਤਧਾਰੀ' ਸਿੱਖ ਨਹੀਂ ਸੀ, ਜੋ ਨਿਯਮਿਤ ਤੌਰ 'ਤੇ ਧਾਰਮਿਕ ਮਰਿਆਦਾ ਅਨੁਸਾਰ ਕਿਰਪਾਨ ਧਾਰਨ ਕਰਦਾ ਹੋਵੇ। ਵਾਰਦਾਤ ਲਈ ਵਰਤਿਆ ਗਿਆ ਹਥਿਆਰ ਕੋਈ ਰਵਾਇਤੀ ਜਾਂ ਪ੍ਰਮਾਣਿਤ ਕਿਰਪਾਨ ਨਹੀਂ ਸੀ, ਸਗੋਂ ਉਹ ਇੱਕ ਤੇਜ਼ਧਾਰ ਪੁਰਾਤਨ ਸ਼ਸਤਰ ਵਰਗਾ ਹਥਿਆਰ ਸੀ। ਤਫ਼ਤੀਸ਼ ਦੌਰਾਨ ਦੋਸ਼ੀ ਦੇ ਘਰੋਂ ਲਗਭਗ 40 ਦੇ ਕਰੀਬ ਅਜਿਹੇ ਪੁਰਾਤਨ ਰਵਾਇਤੀ ਸ਼ਸਤਰ ਬਰਾਮਦ ਹੋਏ, ਜੋ ਆਮ ਤੌਰ 'ਤੇ ਇਤਿਹਾਸਕ ਚੀਜ਼ਾਂ ਦੇ ਸੰਗ੍ਰਹਿ (Collection) ਜਾਂ ਗਤਕਾ ਅਖਾੜਿਆਂ ਵਿੱਚ ਸਿਖਲਾਈ ਲਈ ਵਰਤੇ ਜਾਂਦੇ ਹਨ। ਇਸ ਤੱਥ ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਇਸ ਹਥਿਆਰ ਦਾ ਸਿੱਖਾਂ ਦੇ ਪੰਜ ਕਕਾਰਾਂ ਵਿੱਚੋਂ ਇੱਕ 'ਕਿਰਪਾਨ' ਨਾਲ ਕੋਈ ਲੈਣਾ-ਦੇਣਾ ਨਹੀਂ ਸੀ।

**ਬ੍ਰਿਟਿਸ਼ ਸੰਸਦ ਅਤੇ ਸਿਆਸੀ ਹਲਕਿਆਂ ਵਿੱਚ ਬਹਿਸ :** ਇਸ ਘਟਨਾ ਦੀ ਗੂੰਜ ਬ੍ਰਿਟੇਨ ਦੀ ਸੰਸਦ ਤੱਕ ਪਹੁੰਚੀ, ਜਿੱਥੇ ਸੱਜੇ-ਪੱਖੀ ਜਾਂ ਕਨਜ਼ਰਵੇਟਿਵ ਪਾਰਟੀ ਦੇ ਕੁਝ ਆਗੂਆਂ ਵੱਲੋਂ ਜਨਤਕ ਸੁਰੱਖਿਆ ਦਾ ਹਵਾਲਾ ਦੇ ਕੇ ਤੇਜ਼ਧਾਰ ਹਥਿਆਰਾਂ ਅਤੇ ਅਸਿੱਧੇ ਤੌਰ 'ਤੇ ਕਿਰਪਾਨ 'ਤੇ ਪਾਬੰਦੀ ਲਗਾਉਣ ਦੀ ਮੰਗ ਉਠਾਈ ਜਾਣ ਲੱਗੀ। ਇਸ ਦੇ ਵਿਰੋਧ ਵਿੱਚ ਯੂ.ਕੇ. ਦੇ 'ਸਿੱਖ ਸੰਸਦ ਮੈਂਬਰਾਂ ਜਿਨ੍ਹਾਂ ਵਿੱਚ ਤਨਮਨਜੀਤ ਸਿੰਘ ਢੇਸੀ, ਗੁਰਿੰਦਰ ਸਿੰਘ ਜੋਸਨ, ਜਸ ਅਠਵਾਲ ਅਤੇ ਪ੍ਰੀਤ ਕੌਰ ਗਿੱਲ ਸ਼ਾਮਲ ਹਨ' ਨੇ ਬਹੁਤ ਹੀ ਜ਼ਿੰਮੇਵਾਰਾਨਾ ਅਤੇ ਦ੍ਰਿੜ੍ਹ ਪਹੁੰਚ ਅਪਣਾਈ। ਉਨ੍ਹਾਂ ਨੇ ਸੰਸਦ ਵਿੱਚ ਸਪੱਸ਼ਟ ਕੀਤਾ ਕਿ ਸਿੱਖਾਂ ਦੀ ਕਿਰਪਾਨ ਕੋਈ 'ਹਮਲਾਵਰ ਹਥਿਆਰ' (Offensive Weapon) ਨਹੀਂ ਹੈ, ਸਗੋਂ ਇਹ ਰੱਖਿਆ, ਨਿਆਂ ਅਤੇ ਧਾਰਮਿਕ ਪ੍ਰਤੀਬੱਧਤਾ ਦਾ ਚਿੰਨ੍ਹ ਹੈ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਅਤੇ ਗ੍ਰਿਹ ਮੰਤਰੀ ਸੁਏਲਾ ਬ੍ਰੇਵਰਮੈਨ/ਬੈਬਾਨਾ ਮਹਿਮੂਦ ਵਰਗੇ ਸੀਨੀਅਰ ਆਗੂਆਂ ਨੇ ਵੀ ਇਸ ਸੰਵੇਦਨਸ਼ੀਲ ਮੁੱਦੇ 'ਤੇ ਕਿਸੇ ਵੀ ਤਰ੍ਹਾਂ ਦੀ ਜਲਦਬਾਜ਼ੀ ਵਾਲੀ ਬਿਆਨਬਾਜ਼ੀ ਤੋਂ ਗੁਰੇਜ਼ ਕਰਦਿਆਂ ਮਾਮਲੇ ਨੂੰ ਕਾਨੂੰਨ ਦੇ ਦਾਇਰੇ ਵਿੱਚ ਰੱਖਣ ਦੀ ਵਕਾਲਤ ਕੀਤੀ ਹੈ।

**ਯੂ.ਕੇ. ਵਿੱਚ ਕਿਰਪਾਨ ਦੀ ਕਾਨੂੰਨੀ ਸਥਿਤੀ ਅਤੇ ਸੁਰੱਖਿਆ ਕਵਚ :** ਇੰਗਲੈਂਡ ਦਾ ਕਾਨੂੰਨ ਬਹੁ-ਸੱਭਿਆਚਾਰਕ ਸਮਾਜ (Multicultural Society) ਦਾ ਸਤਿਕਾਰ ਕਰਨ ਲਈ ਜਾਣਿਆ ਜਾਂਦਾ ਹੈ ਅਤੇ ਉੱਥੋਂ ਦੇ ਸੰਵਿਧਾਨਕ ਢਾਂਚੇ ਵਿੱਚ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਨੂੰ ਮਜ਼ਬੂਤ ਕਾਨੂੰਨੀ ਮਾਨਤਾ ਹਾਸਲ ਹੈ। ਇਸ ਸਬੰਧ ਵਿੱਚ ਹੇਠ ਲਿਖੇ ਕਾਨੂੰਨ ਬੇਹੱਦ ਮਹੱਤਵਪੂਰਨ ਹਨ: ਕ੍ਰਿਮੀਨਲ ਜਸਟਿਸ ਐਕਟ 1988 (ਧਾਰਾ 139 ਏ): ਬ੍ਰਿਟੇਨ ਵਿੱਚ ਜਨਤਕ ਥਾਵਾਂ 'ਤੇ 3 ਇੰਚ ਤੋਂ ਵੱਡੇ ਬਲੇਡ ਵਾਲਾ ਚਾਕੂ ਜਾਂ ਹਥਿਆਰ ਲੈ ਕੇ ਜਾਣ 'ਤੇ ਮੁਕੰਮਲ ਪਾਬੰਦੀ ਹੈ। ਪਰ ਇਸੇ ਐਕਟ ਦੀ ਧਾਰਾ 139(5)ਤਹਿਤ ਸਿੱਖਾਂ ਨੂੰ ਇਹ ਵਿਸ਼ੇਸ਼ ਛੋਟ ਦਿੱਤੀ ਗਈ ਹੈ ਕਿ ਜੇਕਰ ਉਹ ਧਾਰਮਿਕ ਕਾਰਨਾਂ (Religious Reasons) ਕਰਕੇ ਕਿਰਪਾਨ ਪਹਿਨਦੇ ਹਨ ਤਾਂ ਉਹ ਕਾਨੂੰਨੀ ਤੌਰ 'ਤੇ ਜਾਇਜ਼ ਹੈ। ਸਕੂਲਾਂ ਅਤੇ ਵਿਦਿਅਕ ਅਦਾਰਿਆਂ ਵਿੱਚ ਛੋਟ (ਧਾਰਾ 139 ਏ): ਇਹ ਕਾਨੂੰਨ ਅੰਮ੍ਰਿਤਧਾਰੀ ਸਿੱਖ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਕੂਲ ਦੇ ਅੰਦਰ ਵੀ ਛੋਟੇ ਆਕਾਰ ਦੀ ਕਿਰਪਾਨ (ਜੋ ਗਾਤਰੇ ਦੇ ਅੰਦਰ ਕੱਪੜਿਆਂ ਦੇ ਹੇਠਾਂ ਛੁਪੀ ਹੋਵੇ) ਪਹਿਨਣ ਦੀ ਇਜਾਜ਼ਤ ਦਿੰਦਾ ਹੈ ਬਸ਼ਰਤੇ ਸਕੂਲ ਪ੍ਰਸ਼ਾਸਨ ਸਥਾਨਕ ਭਾਈਚਾਰੇ ਨਾਲ ਮਿਲ ਕੇ ਸੁਰੱਖਿਆ ਦਿਸ਼ਾ-ਨਿਰਦੇਸ਼ ਤੈਅ ਕਰੇ। Offensive Weapons Act 2019: 2019 ਵਿੱਚ ਬਣਾਏ ਗਏ ਨਵੇਂ ਕਾਨੂੰਨ ਤਹਿਤ ਹਾਲਾਂਕਿ ਖ਼ਤਰਨਾਕ ਹਥਿਆਰਾਂ ਦੀ ਵਿਕਰੀ 'ਤੇ ਸਖ਼ਤੀ ਵਧਾਈ ਗਈ ਹੈ, ਪਰ ਸਿੱਖਾਂ ਦੀਆਂ ਇਤਿਹਾਸਕ ਅਤੇ ਰਵਾਇਤੀ ਰਸਮਾਂ ਨੂੰ ਮੁੱਖ ਰੱਖਦਿਆਂ 50 ਸੈਂਟੀਮੀਟਰ (ਲਗਭਗ 18-20 ਇੰਚ) ਤੱਕ ਦੀ ਕਿਰਪਾਨ ਦੇ ਨਿਰਮਾਣ, ਵਿਕਰੀ ਅਤੇ ਰੱਖਣ ਦੀ ਇਜਾਜ਼ਤ ਨੂੰ ਬਰਕਰਾਰ ਰੱਖਿਆ ਗਿਆ ਹੈ।

**ਇਤਿਹਾਸਕ ਪਿਛੋਕੜ; ਇੱਕ ਸਦੀ ਲੰਬਾ ਸੰਘਰਸ਼ :** ਬ੍ਰਿਟੇਨ ਵਿੱਚ ਕਿਰਪਾਨ ਦੀ ਕਾਨੂੰਨੀ ਮਾਨਤਾ ਕੋਈ ਰਾਤੋ-ਰਾਤ ਮਿਲੀ ਛੋਟ ਨਹੀਂ ਹੈ, ਸਗੋਂ ਇਸ ਪਿੱਛੇ ਲੰਬਾ ਇਤਿਹਾਸਕ ਅਤੇ ਕਾਨੂੰਨੀ ਸੰਘਰਸ਼ ਰਿਹਾ ਹੈ। 1849 ਦਾ ਐਕਟ: ਜਦੋਂ ਬ੍ਰਿਟਿਸ਼ ਹਕੂਮਤ ਨੇ ਪੰਜਾਬ 'ਤੇ ਕਬਜ਼ਾ ਕੀਤਾ, ਤਾਂ ਕਿਸੇ ਵੀ ਸੰਭਾਵਿਤ ਬਗਾਵਤ ਨੂੰ ਦਬਾਉਣ ਲਈ ਹਥਿਆਰਾਂ 'ਤੇ ਸਖ਼ਤ ਪਾਬੰਦੀਆਂ ਲਗਾਈਆਂ ਗਈਆਂ। ਪਰ ਬਾਅਦ ਵਿੱਚ ਸਿੱਖਾਂ ਦੀ ਵਫ਼ਾਦਾਰੀ, ਫ਼ੌਜੀ ਸੇਵਾਵਾਂ ਅਤੇ ਕਿਰਪਾਨ ਦੀ ਆਤਮਿਕ ਮਹੱਤਤਾ ਨੂੰ ਸਵੀਕਾਰ ਕਰਦਿਆਂ ਬ੍ਰਿਟਿਸ਼ ਇੰਡੀਆ ਵਿੱਚ ਸਿੱਖਾਂ ਨੂੰ ਕਿਰਪਾਨ ਰੱਖਣ ਦੀ ਵਿਸ਼ੇਸ਼ ਆਜ਼ਾਦੀ ਦਿੱਤੀ ਗਈ। ਮੰਡਲਾ ਬਨਾਮ ਡੋਵਲ ਲੀ (1983): ਇਸ ਇਤਿਹਾਸਕ ਕੇਸ ਤੋਂ ਬਾਅਦ ਬ੍ਰਿਟੇਨ ਦੇ ਹਾਊਸ ਆਫ ਲਾਰਡਜ਼ ਨੇ ਸਿੱਖਾਂ ਨੂੰ ਇੱਕ ਵੱਖਰੇ 'ਨਸਲੀ ਸਮੂਹ' (Ethnic Group) ਵਜੋਂ ਮਾਨਤਾ ਦਿੱਤੀ, ਜਿਸ ਨਾਲ ਸਿੱਖਾਂ ਦੀ ਦਸਤਾਰ ਅਤੇ ਕਿਰਪਾਨ ਨੂੰ ਨਸਲੀ ਭੇਦਭਾਵ ਦੇ ਕਾਨੂੰਨਾਂ ਤਹਿਤ ਵਿਸ਼ੇਸ਼ ਸੁਰੱਖਿਆ ਕਵਚ ਮਿਲਿਆ।

**ਸਿੱਖ ਭਾਈਚਾਰੇ ਦੀ ਮਨੁੱਖੀ ਅਤੇ ਸੰਵੇਦਨਸ਼ੀਲ ਪਹੁੰਚ :** ਇੱਕ ਨਿਰਪੱਖ ਸੰਪਾਦਕ ਵਜੋਂ ਇਹ ਦੇਖਣਾ ਬੇਹੱਦ ਸੁਖਦ ਹੈ ਕਿ ਸਿੱਖ ਭਾਈਚਾਰੇ ਨੇ ਇਸ ਮੰਦਭਾਗੀ ਘਟਨਾ 'ਤੇ ਕਿਸੇ ਵੀ ਤਰ੍ਹਾਂ ਦੀ ਹਮਲਾਵਰ ਸਿਆਸਤ ਕਰਨ ਦੀ ਬਜਾਏ ਬਹੁਤ ਹੀ ਸੰਵੇਦਨਸ਼ੀਲ ਅਤੇ ਮਨੁੱਖੀ ਪਹੁੰਚ ਅਪਣਾਈ ਹੈ। ਸਾਊਥਹੈਂਪਟਨ ਦੇ ਸਥਾਨਕ ਸਿੱਖਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਨਾ ਸਿਰਫ਼ ਮ੍ਰਿਤਕ ਹੈਨਰੀ ਨੋਵਕ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟਾਈ, ਸਗੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਵਿਸ਼ੇਸ਼ ਤੌਰ 'ਤੇ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਮ੍ਰਿਤਕ ਨੌਜਵਾਨ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਵੀ ਕੀਤੀ। ਇਹ ਕਦਮ ਗੁਰੂ ਨਾਨਕ ਦੇਵ ਜੀ ਦੇ 'ਸਰਬੱਤ ਦਾ ਭਲਾ' ਅਤੇ 'ਨਾ ਕੋ ਬੈਰੀ ਨਹੀ ਬਿਗਾਨਾ' ਦੇ ਸਿਧਾਂਤ ਦਾ ਪ੍ਰਤੱਖ ਪ੍ਰਮਾਣ ਹੈ, ਜੋ ਇਹ ਸਾਬਤ ਕਰਦਾ ਹੈ ਕਿ ਸਿੱਖ ਧਰਮ ਹਮੇਸ਼ਾ ਮਨੁੱਖੀ ਦਰਦ ਦੇ ਨਾਲ ਖੜ੍ਹਦਾ ਹੈ, ਨਾ ਕਿ ਅਪਰਾਧ ਦੇ ਨਾਲ।

**ਭਵਿੱਖ ਦੀਆਂ ਚੁਣੌਤੀਆਂ ਅਤੇ ਮੀਡੀਆ ਦੀ ਜ਼ਿੰਮੇਵਾਰੀ :** ਇਸ ਘਟਨਾ ਤੋਂ ਬਾਅਦ ਆਉਣ ਵਾਲਾ ਸਮਾਂ ਬ੍ਰਿਟੇਨ ਵਿੱਚ ਵਸਦੇ ਸਿੱਖਾਂ ਲਈ ਕੁਝ ਚੁਣੌਤੀਆਂ ਭਰਿਆ ਹੋ ਸਕਦਾ ਹੈ। ਜਨਤਕ ਥਾਵਾਂ ਜਿਵੇਂ ਕਿ ਹਵਾਈ ਅੱਡਿਆਂ, ਰੇਲਵੇ ਸਟੇਸ਼ਨਾਂ ਜਾਂ ਲੰਡਨ ਆਈ ਵਰਗੇ ਸੈਲਾਨੀ ਕੇਂਦਰਾਂ 'ਤੇ 6 ਇੰਚ ਤੋਂ ਵੱਡੀ ਕਿਰਪਾਨ ਲੈ ਕੇ ਜਾਣ 'ਤੇ ਪਹਿਲਾਂ ਹੀ ਸੁਰੱਖਿਆ ਚੈਕਿੰਗ ਕਾਰਨ ਕੁਝ ਪਾਬੰਦੀਆਂ ਹਨ। ਪਰ ਚਿੰਤਾ ਇਸ ਗੱਲ ਦੀ ਹੈ ਕਿ ਇਸ ਘਟਨਾ ਦੀ ਆੜ ਵਿੱਚ ਸੋਸ਼ਲ ਮੀਡੀਆ 'ਤੇ 'ਇਸਲਾਮੋਫੋਬੀਆ' ਵਾਂਗ 'ਸਿੱਖ ਵਿਰੋਧੀ' (Anti-Sikh) ਪ੍ਰਚਾਰ ਨੂੰ ਹਵਾ ਦਿੱਤੀ ਜਾ ਸਕਦੀ ਹੈ। ਇੱਥੇ ਮੁੱਖ ਧਾਰਾ ਦੇ ਮੀਡੀਆ (Mainstream Media) ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਨਸਨੀਖੇਜ਼ ਖ਼ਬਰਾਂ ਬਣਾਉਣ ਦੀ ਬਜਾਏ ਤੱਥਾਂ 'ਤੇ ਅਧਾਰਿਤ ਪੱਤਰਕਾਰੀ ਕਰੇ। ਇੱਕ ਪੇਸ਼ੇਵਰ ਅਤੇ ਨਿਰਪੱਖ ਨਜ਼ਰੀਏ ਤੋਂ ਇਹ ਸਪੱਸ਼ਟ ਹੈ ਕਿ ਹੈਨਰੀ ਨੋਵਕ ਦੀ ਹੱਤਿਆ ਇੱਕ ਗੰਭੀਰ ਅਤੇ ਅਸਹਿ ਅਪਰਾਧ ਹੈ ਅਤੇ ਇਸ ਦੇ ਦੋਸ਼ੀ ਵਿਕਰਮ ਸਿੰਘ ਦਿਗਵਾ ਨੂੰ ਬ੍ਰਿਟਿਸ਼ ਕਾਨੂੰਨ ਮੁਤਾਬਕ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਹੀ ਚਾਹੀਦੀ ਹੈ। ਪੀੜਤ ਪਰਿਵਾਰ ਨੂੰ ਇਨਸਾਫ਼ ਮਿਲਣਾ ਸਮਾਜਿਕ ਨਿਆਂ ਦੀ ਪਹਿਲੀ ਸ਼ਰਤ ਹੈ। ਪਰ ਇਸ ਦੇ ਨਾਲ ਹੀ, ਇਸ ਨਿੱਜੀ ਅਪਰਾਧਿਕ ਮਾਮਲੇ ਦੀ ਆੜ ਵਿੱਚ ਸਦੀਆਂ ਪੁਰਾਣੇ ਇਤਿਹਾਸਕ ਧਾਰਮਿਕ ਚਿੰਨ੍ਹ 'ਕਿਰਪਾਨ' ਨੂੰ ਬਦਨਾਮ ਕਰਨਾ ਜਾਂ ਪੂਰੇ ਸਿੱਖ ਭਾਈਚਾਰੇ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਾ ਬਿਲਕੁਲ ਵੀ ਤਰਕਸੰਗਤ ਨਹੀਂ ਹੈ। ਬ੍ਰਿਟਿਸ਼ ਸਰਕਾਰ, ਨਿਆਂਪਾਲਿਕਾ ਅਤੇ ਸਮਾਜਿਕ ਸੰਗਠਨਾਂ ਨੂੰ ਇਹ ਸਮਝਣਾ ਹੋਵੇਗਾ ਕਿ ਅਪਰਾਧ ਦਾ ਮੁਕਾਬਲਾ ਕਾਨੂੰਨ ਦੀ ਸਖ਼ਤੀ ਨਾਲ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਕਿਸੇ ਸ਼ਾਂਤੀਪਸੰਦ ਕੌਮ ਦੀ ਧਾਰਮਿਕ ਆਜ਼ਾਦੀ 'ਤੇ ਸਵਾਲ ਖੜ੍ਹੇ ਕਰਕੇ। ਇਹ ਸਮਾਂ ਨਫ਼ਰਤ ਫੈਲਾਉਣ ਦਾ ਨਹੀਂ, ਸਗੋਂ ਆਪਸੀ ਸਾਂਝ ਅਤੇ ਕਾਨੂੰਨ ਦੇ ਰਾਜ ਨੂੰ ਮਜ਼ਬੂਤ ਕਰਨ ਦਾ ਹੈ।

# ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਦੇ 12 ਸਾਲ! ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵਿਕਾਸ ਕਾਰਜਾਂ ਦੀ ਕੀਤੀ ਸ਼ਲਾਘਾ



ਨਵੀਂ ਦਿੱਲੀ, 9 ਜੂਨ (ਪ੍ਰਤੀਨਿਧੀ): ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਮੰਗਲਵਾਰ ਨੂੰ 12 ਸਾਲ ਪੂਰੇ ਹੋਣ ’ਤੇ ਕੇਂਦਰੀ ਮੰਤਰੀ ਅਮਿਤ ਸ਼ਾਹ ਨੇ ਪ੍ਰਧਾਨ ਮੰਤਰੀ ਦੀ ਅਗਵਾਈ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਦੇਸ਼ ਨੇ ਪਹਿਲੀ ਵਾਰ ਗਰੀਬ ਕਲਿਆਣ ਅਤੇ ਬੇਮਿਸਾਲ ਵਿਕਾਸ ਨੂੰ ਇਕੱਠੇ ਸਾਕਾਰ ਹੁੰਦੇ ਦੇਖਿਆ ਹੈ। ਸ਼ਾਹ ਨੇ ‘ਐਕਸ’ ’ਤੇ ਇਕ ਪੋਸਟ ’ਚ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਮਿਹਨਤ ਨਾਲ ਇਨ੍ਹਾਂ 12 ਸਾਲਾਂ ’ਚ ਇਕ ਦਿਨ ਵੀ ਛੁੱਟੀ ਲਏ ਬਿਨਾਂ ਦੇਸ਼ ਅਤੇ ਦੇਸ਼ ਵਾਸੀਆਂ ਦੀ ਸੇਵਾ ਕੀਤੀ ਹੈ।

ਉਨ੍ਹਾਂ ਕਿਹਾ,’’ਮੋਦੀ ਜੀ ਦੀ ਅਗਵਾਈ ’ਚ ਇਨ੍ਹਾਂ 12 ਸਾਲਾਂ ’ਚ ਦੇਸ਼ ਨੇ ਪਹਿਲੀ ਵਾਰ ਗਰੀਬ ਕਲਿਆਣ ਅਤੇ ਬੇਮਿਸਾਲ ਵਿਕਾਸ ਨੂੰ ਸਾਕਾਰ ਹੁੰਦੇ ਦੇਖਿਆ ਹੈ।’’ ਗ੍ਰਹਿ ਮੰਤਰੀ ਨੇ 80 ਕਰੋੜ ਲੋਕਾਂ ਨੂੰ ਮੁਫ਼ਤ ਰਾਸ਼ਨ, 4 ਕਰੋੜ ਤੋਂ ਵੱਧ ਗਰੀਬ ਪਰਿਵਾਰਾਂ ਨੂੰ ਪੱਕਾ ਘਰ, 50 ਕਰੋੜ ਲੋਕਾਂ ਨੂੰ 5 ਲੱਖ ਰੁਪਏ ਦਾ ਸਿਹਤ ਬੀਮਾ, 10 ਕਰੋੜ ਤੋਂ ਵੱਧ ਪਰਿਵਾਰਾਂ ਨੂੰ ਗੈਸ ਕੁਨੈਕਸ਼ਨ ਦੇਣ ਦਾ ਜ਼ਿਕਰ ਕੀਤਾ।

ਉਨ੍ਹਾਂ ਨੇ ਦੇਸ਼ ਭਰ ’ਚ 90 ਤੋਂ ਵੱਧ ਹਵਾਈ ਅੱਡੇ, 140 ਤੋਂ ਵੱਧ ਵੰਦੇ ਭਾਰਤ ਰੇਲ ਗੱਡੀਆਂ ਸ਼ੁਰੂ ਕੀਤੇ ਜਾਣ ਤੋਂ ਇਲਾਵਾ 1.45 ਲੱਖ ਕਿਲੋਮੀਟਰ ਸੜਕਾਂ ਅਤੇ 3,000 ਕਿਲੋਮੀਟਰ ਆਧੁਨਿਕ ਐਕਸਪ੍ਰੈੱਸ ਵੇਅ ਦੇ ਨਿਰਮਾਣ ਦਾ ਵੀ ਜ਼ਿਕਰ ਕੀਤਾ। ਭਾਰਤ ਦੇ ਆਰਥਿਕ ਵਾਧੇ ਦਾ ਹਵਾਲਾ ਦਿੰਦੇ ਹੋਏ ਸ਼ਾਹ ਨੇ ਕਿਹਾ ਕਿ ਦੇਸ਼ ਪ੍ਰਧਾਨ ਮੰਤਰੀ ਦੀ ਅਘਆਈ ’ਚ ਵਿਸ਼ਵ ਦੀ ਸਭ ਤੋਂ ਤੇਜ਼ੀ ਨਾਲ ਅੱਗੇ ਵਧਦੀ ਅਰਥਵਿਵਸਥਾ ਬਣ ਗਿਆ ਹੈ। ਗ੍ਰਹਿ ਮੰਤਰੀ ਨੇ ਕਿਹਾ,’’ਮੋਦੀ ਜੀ ਨੇ ਆਪਣੀ ਮਿਹਨਤ ਨਾਲ ਇਨ੍ਹਾਂ 12 ਸਾਲਾਂ ’ਚ ਇਕ ਦਿਨ ਵੀ ਛੁੱਟੀ ਲਏ ਬਿਨਾਂ ਦੇਸ਼ ਅਤੇ ਦੇਸ਼ ਵਾਸੀਆਂ ਦੀ ਸੇਵਾ ਕੀਤੀ ਹੈ।’’ ਉਨ੍ਹਾਂ ਕਿਹਾ ਕਿ ਅਜਿਹੀ ਤਬਦੀਲੀ ਉਦੋਂ ਸੰਭਵ ਹੁੰਦੀ ਹੈ, ਜਦੋਂ ਲੀਡਰਸ਼ਿਪ ਦੀ ਨੀਅਤ ਸਾਫ਼ ਹੋਵੇ, ਟੀਚਾ ਰਾਸ਼ਟਰਹਿੱਤ ਹੋਵੇ ਅਤੇ ਪੂਰਾ ਸਮਰਪਣ ਹੋਵੇ। ਸਾਲ 2024 ਦੀਆਂ ਲੋਕ ਸਭਾ ਚੋਣਾਂ ’ਚ ਇਕ ਹੋਰ ਜਿੱਤ ਤੋਂ ਬਾਅਦ, ਨਰਿੰਦਰ ਮੋਦੀ ਨੇ 9 ਜੂਨ 2024 ਨੂੰ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁੱਕੀ ਸੀ। ਉਨ੍ਹਾਂ ਨੇ ਪਹਿਲੀ ਵਾਰ 26 ਮਈ 2014 ਨੂੰ ਪ੍ਰਧਾਨ ਮੰਤਰੀ ਅਹੁਦੇ ਦੀ ਸਹੁੰ ਚੁੱਕੀ ਸੀ। ਉਨ੍ਹਾਂ ਦਾ ਦੂਜਾ ਕਾਰਜਕਾਲ 30 ਮਈ 2019 ਨੂੰ ਸ਼ੁਰੂ ਹੋਇਆ ਸੀ।

### ਵਿਸ਼ਾਖਾਪਟਨਮ ਸਟੀਲ ਪਲਾਂਟ ਹਾਦਸਾ

# ਕੇਂਦਰ ਵੱਲੋਂ ਪੀੜਤਾਂ ਦੇ ਪਰਿਵਾਰਾਂ ਨੂੰ 25 ਲੱਖ ਤੇ ਨੌਕਰੀ ਦੇਣ ਦਾ ਐਲਾਨ



ਵਿਸ਼ਾਖਾਪਟਨਮ, 9 ਜੂਨ (ਪ੍ਰਤੀਨਿਧੀ): ਕੇਂਦਰ ਸਰਕਾਰ ਨੇ ਰਾਸ਼ਟਰੀ ਇਸਪਾਤ ਨਿਗਮ ਲਿਮਟਿਡ (ਵਿਸ਼ਾਖਾਪਟਨਮ ਸਟੀਲ ਪਲਾਂਟ) ਵਿਖੇ ਹਾਦਸੇ ਵਿੱਚ ਜਾਨ ਗਵਾਉਣ ਵਾਲੇ ਹਰੇਕ ਮਜ਼ਦੂਰ ਦੇ ਪਰਿਵਾਰ ਨੂੰ 25 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਦੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਥਾਈ ਰੁਜ਼ਗਾਰ ਅਤੇ ਹੋਰ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਇਹ ਜਾਣਕਾਰੀ ਕੇਂਦਰੀ ਸਟੀਲ ਮੰਤਰੀ ਐਚ.ਡੀ. ਕੁਮਾਰਸਵਾਮੀ ਨੇ ਦਿੱਤੀ। ਸੋਮਵਾਰ ਸ਼ਾਮ ਨੂੰ ਪਲਾਂਟ ਦੀ ਸਟੀਲ ਮੈਲਟ ਸ਼ਾਪ-1 ਵਿੱਚ ਪਿਘਲੇ ਸਟੀਲ ਦੀ ਕਾਸਟਿੰਗ ਪ੍ਰਕਿਰਿਆ ਦੌਰਾਨ ਵੱਡਾ ਧਮਾਕਾ ਹੋਇਆ, ਜਿਸ ਵਿੱਚ ਅੱਠ ਕਾਮੇ ਮਾਰੇ ਗਏ ਅਤੇ ਛੇ ਹੋਰ ਜ਼ਖਮੀ ਹੋਏ।

ਘਟਨਾ ਦੌਰਾਨ ਇੱਕ ਵੱਡੀ ਅੱਗ ਲੱਗ ਗਈ। ਆਰ.ਆਈ.ਐਨ.ਐਲ. (ਰਾਸ਼ਟਰੀ ਇਸਪਾਤ ਨਿਗਮ ਲਿਮਟਿਡ) ਪ੍ਰਬੰਧਨ ਨੇ ਹਾਦਸੇ ਦੇ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਕੁਮਾਰਸਵਾਮੀ ਨੇ ਦੇਰ ਰਾਤ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ, ‘ਅਸੀਂ ਹਰੇਕ ਮ੍ਰਿਤਕ ਕਰਮਚਾਰੀ ਦੇ ਪਰਿਵਾਰ ਨੂੰ ?25 ਲੱਖ ਦਾ ਮੁਆਵਜ਼ਾ ਦੇਵਾਂਗੇ, ਭਾਵੇਂ ਉਹ ਨਿਯਮਤ ਹੋਵੇ ਜਾਂ ਆਊਟਸੋਰਸਡ। ਹਰੇਕ ਪ੍ਰਭਾਵਿਤ ਪਰਿਵਾਰ ਦੇ ਇੱਕ ਮੈਂਬਰ ਨੂੰ ਸਥਾਈ ਨੌਕਰੀ ਦਿੱਤੀ ਜਾਵੇਗੀ, ਅਤੇ ਬੱਚਿਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕੀਤੀ ਜਾਵੇਗੀ।’ ਕੁਮਾਰਸਵਾਮੀ ਦੇ ਨਾਲ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਕੇ. ਰਾਮ ਮੋਹਨ ਨਾਇਡੂ, ਵਿਸ਼ਾਖਾਪਟਨਮ ਦੇ ਸਾਂਸਦ ਐਮ. ਸ਼੍ਰੀਭਾਰਤ ਅਤੇ ਆਂਧਰਾ ਪ੍ਰਦੇਸ਼ ਦੇ ਗ੍ਰਹਿ ਮੰਤਰੀ ਵੰਗਾਲਪੁਦੀ ਅਨੀਤਾ ਨਾਲ ਹਾਦਸੇ ਵਾਲੀ ਥਾਂ ਦਾ ਨਿਰੀਖਣ ਕੀਤਾ।

ਕੇਂਦਰੀ ਸਟੀਲ ਮੰਤਰੀ ਨੇ ਧਮਾਕੇ ਵਿੱਚ ਅੱਠ ਮਜ਼ਦੂਰਾਂ ਦੀ ਮੌਤ ’ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਸੋਗ ਵਿੱਚ ਮਾਰੇ ਗਏ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਇਹ ਮੁਆਵਜ਼ਾ ਪੈਕੇਜ ਕਾਨੂੰਨੀ ਲਾਭਾਂ ਤੋਂ ਇਲਾਵਾ ਹੋਵੇਗਾ—ਜਿਵੇਂ ਬੀਮਾ, ਪ੍ਰਾਵੀਡੈਂਟ ਫੰਡ, ਗ੍ਰੈਚੁਟੀ ਅਤੇ ਹੋਰ ਬਕਾਏ। ਕੁਮਾਰਸਵਾਮੀ ਦੇ ਅਨੁਸਾਰ, ਮ੍ਰਿਤਕਾਂ ਦੇ ਪਰਿਵਾਰਾਂ ਨੂੰ ਕਰਮਚਾਰੀਆਂ ਦੀ ਸੇਵਾਮੁਕਤੀ ਦੀ ਮਿਤੀ ਤੱਕ ਪਲਾਂਟ ਦੇ ਰਿਹਾਇਸ਼ੀ ਕੁਆਰਟਰਾਂ ਵਿੱਚ ਰਹਿਣ ਦੀ ਇਜਾਜ਼ਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਟਾਊਨਸ਼ਿਪ ਤੋਂ ਬਾਹਰ ਰਹਿਣ ਵਾਲੇ ਪਰਿਵਾਰਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਰਿਹਾਇਸ਼ ਪ੍ਰਦਾਨ ਕੀਤੀ ਜਾਵੇਗੀ। ਇਸ ਤੋਂ ਇਲਾਵਾ, ਮ੍ਰਿਤਕਾਂ ਦੇ ਬੱਚਿਆਂ ਨੂੰ ਆਰ.ਆਈ.ਐਨ.ਐਲ.ਕਰਮਚਾਰੀਆਂ ਵਾਂਗ ਆਪਣੀ ਪੜ੍ਹਾਈ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਜ਼ਖਮੀਆਂ ਦਾ ਸਾਰਾ ਇਲਾਜ ਆਰ.ਆਈ.ਐਨ.ਐਲ. ਵੱਲੋਂ ਕੀਤਾ ਜਾਵੇਗਾ ਅਤੇ ਗੰਭੀਰ ਰੂਪ ਵਿੱਚ ਜ਼ਖਮੀ ਕਰਮਚਾਰੀਆਂ ਨੂੰ ?10 ਲੱਖ ਦੀ ਸਹਾਇਤਾ ਮਿਲੇਗੀ। ਕੇਂਦਰੀ ਮੰਤਰੀ ਨੇ ਕਰਮਚਾਰੀਆਂ ਨੂੰ ਘਬਰਾਉਣ ਦੀ ਅਪੀਲ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਕੇਂਦਰ ਸਰਕਾਰ ਵਿਸ਼ਾਖਾਪਟਨਮ ਸਟੀਲ ਪਲਾਂਟ ਦੇ ਪੁਨਰ ਸੁਰਜੀਤੀ ਅਤੇ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਦਸੇ ’ਤੇ ਦੁੱਖ ਪ੍ਰਗਟ ਕੀਤਾ ਅਤੇ ਹਰੇਕ ਮ੍ਰਿਤਕ ਦੇ ਰਿਸ਼ਤੇਦਾਰਾਂ ਲਈ ਪ੍ਰਧਾਨ ਮੰਤਰੀ ਰਾਸ਼ਟਰੀ ਰਾਹਤ ਫੰਡ ਤੋਂ 2 ਲੱਖ ਰੁਪਏ ਅਤੇ ਜ਼ਖਮੀਆਂ ਲਈ 50,000 ਰੁਪਏ ਦੀ ਸਹਾਇਤਾ ਦਾ ਐਲਾਨ ਕੀਤਾ ਹੈ।

ਕੁਮਾਰਸਵਾਮੀ ਨੇ ਹਾਦਸੇ ਦੇ ਕਾਰਨਾਂ ਦੀ ਜਾਂਚ ਲਈ ਹੋਰ ਸਟੀਲ ਪਲਾਂਟਾਂ ਦੇ ਮਾਹਿਰਾਂ ਦੀ ਸ਼ਮੂਲੀਅਤ ਵਾਲੀ ਇੱਕ ਵਿਸ਼ੇਸ਼ ਜਾਂਚ ਕਮੇਟੀ ਦੇ ਗਠਨ ਦਾ ਵੀ ਐਲਾਨ ਕੀਤਾ। ਕਮੇਟੀ ਦੇ ਮੈਂਬਰ ਮੰਗਲਵਾਰ ਨੂੰ ਵਿਸ਼ਾਖਾਪਟਨਮ ਪਹੁੰਚ ਕੇ ਘਟਨਾ ਸਥਾਨ ਦਾ ਮੁਆਇਨਾ ਕਰਨਗੇ ਅਤੇ ਹਾਦਸੇ ਦੇ ਕਾਰਨਾਂ ਅਤੇ ਭਵਿੱਖ ਵਿੱਚ ਅਜਿਹੇ ਹਾਦਸਿਆਂ ਨੂੰ ਰੋਕਣ ਦੇ ਉਪਾਵਾਂ ਬਾਰੇ ਇੱਕ ਵਿਸਤ੍ਰਿਤ ਰਿਪੋਰਟ ਪੇਸ਼ ਕਰਨਗੇ। ਉਨ੍ਹਾਂ ਕਿਹਾ ਕਿ ਸਰਕਾਰ ਕਰਮਚਾਰੀਆਂ ਦੀ ਸੁਰੱਖਿਆ ਅਤੇ ਭਲਾਈ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਮੁਸ਼ਕਲ ਸਮੇਂ ਦੌਰਾਨ ਪ੍ਰਭਾਵਿਤ ਪਰਿਵਾਰਾਂ ਨਾਲ ਮਜ਼ਬੂਤੀ ਨਾਲ ਖੜ੍ਹੀ ਰਹੇਗੀ।

# ਮਕਬੂਜ਼ਾ ਕਸ਼ਮੀਰ ’ਚ ਘਾਤਕ ਹਿੰਸਾ ਲਈ ਪਾਕਿਸਤਾਨ ਨੂੰ ਜ਼ਿੰਮੇਵਾਰ ਠਹਿਰਾਏ ਵਿਸ਼ਵ ਭਾਈਚਾਰਾ : ਭਾਰਤ



ਨਵੀਂ ਦਿੱਲੀ, 9 ਜੂਨ (ਪ੍ਰਤੀਨਿਧੀ): ਭਾਰਤ ਨੇ ਮੰਗਲਵਾਰ ਨੂੰ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ.ਓ.ਕੇ.) ਵਿੱਚ ਲੋਕਾਂ ’ਤੇ ਹੋਈ ‘ਬੇਰਹਿਮੀ’ ਲਈ ਇਸਲਾਮਾਬਾਦ ਦੀ ਸਖ਼ਤ ਆਲੋਚਨਾ ਕੀਤੀ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਪਾਕਿਸਤਾਨ ਨੂੰ ਉਸਦੇ ‘ਅੱਤਿਆਚਾਰਾਂ’ ਲਈ ਜ਼ਿੰਮੇਵਾਰ ਠਹਿਰਾਉਣ ਦਾ ਸੱਦਾ ਦਿੱਤਾ। ਭਾਰਤ ਦੀ ਪ੍ਰਤੀਕਿਰਿਆ ਉਨ੍ਹਾਂ ਰਿਪੋਰਟਾਂ ਤੋਂ ਬਾਅਦ ਆਈ ਹੈ ਕਿ ਮਕਬੂਜ਼ਾ ਕਸ਼ਮੀਰ ਦੇ ਕਈ ਇਲਾਕਿਆਂ ਵਿੱਚ ਪ੍ਰਦਰਸ਼ਨਕਾਰੀਆਂ ਵਿਰੁੱਧ ਪੁਲਿਸ ਕਾਰਵਾਈ ਵਿੱਚ 20 ਤੋਂ ਵੱਧ ਲੋਕ ਕਥਿਤ ਤੌਰ ’ਤੇ ਮਾਰੇ ਗਏ ਸਨ।

ਪਾਕਿਸਤਾਨ ਦੀ ਆਲੋਚਨਾ ਕਰਦੇ ਹੋਏ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਇਸਲਾਮਾਬਾਦ ਨੇ ਆਪਣੀਆਂ ‘ਨਾਕਾਮੀਆਂ’ ਨੂੰ ਛੁਪਾਉਣ ਅਤੇ ਕਥਿਤ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੋਂ ਧਿਆਨ ਹਟਾਉਣ ਲਈ ‘ਹਤਾਸ਼’ ਕੋਸ਼ਿਸ਼ਾਂ ਕੀਤੀਆਂ ਹਨ। ਉਨ੍ਹਾਂ ਕਿਹਾ, ‘ਇਸ ਸੰਦਰਭ ਵਿੱਚ, ਅਸੀਂ ਲਗਾਤਾਰ ਪਾਕਿਸਤਾਨ ਤੋਂ ਨਿਕਲ ਰਹੀਆਂ ਜਾਅਲੀ ਖ਼ਬਰਾਂ ਅਤੇ ਵੀਡੀਓਜ਼ ਦੇ ਰੁਝਾਨ ਨੂੰ ਦੇਖ ਰਹੇ ਹਾਂ। ਇਹ ਪਾਕਿਸਤਾਨ ਵੱਲੋਂ ਆਪਣੀਆਂ ਅਸਫਲਤਾਵਾਂ ਨੂੰ ਛੁਪਾਉਣ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੋਂ ਧਿਆਨ ਭਟਕਾਉਣ ਦੀ ਇੱਕ ਨਿਰਾਸ਼ਾਜਨਕ ਕੋਸ਼ਿਸ਼ ਹੈ।’ ਜੈਸਵਾਲ ਨੇ ਅੱਗੇ ਕਿਹਾ, ‘ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਗੰਭੀਰ ਪੁਲਿਸ ਬੇਰਹਿਮੀ ਦੀਆਂ ਰਿਪੋਰਟਾਂ ਹਨ, ਜਿਸ ਦੇ ਨਤੀਜੇ ਵਜੋਂ ਕਈ ਪ੍ਰਦਰਸ਼ਨਕਾਰੀਆਂ ਦੀ ਮੌਤ ਅਤੇ ਜ਼ਖਮੀ ਹੋਏ ਹਨ। ਸਾਨੂੰ ਉਮੀਦ ਹੈ ਕਿ ਅੰਤਰਰਾਸ਼ਟਰੀ ਭਾਈਚਾਰਾ ਪਾਕਿਸਤਾਨ ਨੂੰ ਉਸਦੇ ਗਲਤ ਕੰਮਾਂ ਅਤੇ ਵਧੀਕੀਆਂ ਲਈ ਜਵਾਬਦੇਹ ਠਹਿਰਾਏਗਾ।’ ਉਹ ਇੱਕ ਪ੍ਰੈਸ ਬ੍ਰੀਫਿੰਗ ਦੌਰਾਨ ਪੁੱਛੇ ਗਏ ਇੱਕ ਸਵਾਲ ਦਾ ਜਵਾਬ ਦੇ ਰਹੇ ਸਨ।

# ਰਾਜਧਾਨੀ ’ਚ ਸਾਹ ਲੈਣਾ ਹੋਇਆ ਔਖਾ: ਏਕਿਊਆਈ ਵਧ ਕੇ 159 ਪੁੱਜਾ



ਨਵੀਂ ਦਿੱਲੀ, 9 ਜੂਨ (ਪ੍ਰਤੀਨਿਧੀ): ਕੌਮੀ ਰਾਜਧਾਨੀ ਦਿੱਲੀ ਵਿੱਚ ਮੰਗਲਵਾਰ ਸਵੇਰੇ ਹਵਾ ਦੀ ਗੁਣਵੱਤਾ ਵਿੱਚ ਮਾਮੂਲੀ ਗਿਰਾਵਟ ਦੇਖਣ ਨੂੰ ਮਿਲੀ। ਸੈਂਟਰਲ ਪੋਲਿਊਸ਼ਨ ਕੰਟਰੋਲ ਬੋਰਡ (ਸੀਪੀਸੀਬੀ) ਦੇ ਅੰਕੜਿਆਂ ਅਨੁਸਾਰ, ਸ਼ਹਿਰ ਦਾ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) ਬੀਤੇ ਕੱਲ੍ਹ ਦੇ 151 ਤੋਂ ਵਧ ਕੇ ਅੱਜ 159 ਹੋ ਗਿਆ ਹੈ। ਹਾਲਾਂਕਿ, ਇਹ ਅੰਕੜਾ ਅਜੇ ਵੀ ‘ਮੱਧਮ’ ਸ਼੍ਰੇਣੀ ਵਿੱਚ ਬਣਿਆ ਹੋਇਆ ਹੈ। ਸੀਪੀਸੀਬੀ ਦੇ ਅੰਕੜਿਆਂ ਮੁਤਾਬਕ ਦਿੱਲੀ ਦੇ ਕਈ ਇਲਾਕੇ ‘ਖ਼ਰਾਬ’ ਸ਼੍ਰੇਣੀ ਵਿੱਚ ਰਹੇ, ਜਿਨ੍ਹਾਂ ਵਿੱਚ ਅਲੀਪੁਰ (205), ਦਵਾਰਕਾ ਸੈਕਟਰ 8 (206), ਜਹਾਂਗੀਰਪੁਰੀ (229) ਅਤੇ ਵਜ਼ੀਰਪੁਰ (230) ਸ਼ਾਮਲ ਹਨ। ਦੂਜੇ ਪਾਸੇ, ਆਨੰਦ ਵਿਹਾਰ ਵਿੱਚ ਹਵਾ ਦੀ ਗੁਣਵੱਤਾ ਬਹੁਤ ਜ਼ਿਆਦਾ ਵਿਗੜ ਕੇ 404 ਏਕਿਊਆਈ ਦੇ ਨਾਲ ‘ਗੰਭੀਰ’ ਸ਼੍ਰੇਣੀ ਵਿੱਚ ਪਹੁੰਚ ਗਈ। ਦਿੱਲੀ ਦੇ ਮੁਕਾਬਲੇ ਭਾਰਤ ਦੇ ਕਈ ਹੋਰ ਪ੍ਰਮੁੱਖ ਸ਼ਹਿਰਾਂ ਵਿੱਚ ਹਵਾ ਦੀ ਗੁਣਵੱਤਾ ਕਾਫ਼ੀ ਬਿਹਤਰ ਦਰਜ ਕੀਤੀ ਗਈ। ਚੇਨਈ ਵਿੱਚ ਏਕਿਊਆਈ 97, ਅਹਿਮਦਾਬਾਦ ਵਿੱਚ 86, ਬੰਗਲੁਰੂ ਵਿੱਚ 50, ਹੈਦਰਾਬਾਦ ਵਿੱਚ 68 ਅਤੇ ਮੁੰਬਈ ਵਿੱਚ 63 ਦਰਜ ਕੀਤਾ ਗਿਆ। ਹਾਲਾਂਕਿ, ਲਖਨਊ ਅਤੇ ਜੈਪੁਰ ਵਿੱਚ ਹਵਾ ਦੀ ਗੁਣਵੱਤਾ ਵਿੱਚ ਗਿਰਾਵਟ ਦੇਖੀ ਗਈ, ਜਿੱਥੇ ਏਕਿਊਆਈ ਦਾ ਪੱਧਰ ਕ੍ਰਮਵਾਰ 102 ਅਤੇ 128 ਰਿਹਾ। ਏਕਿਊਆਈ ਦੇ ਮਾਪਦੰਡ ਅਤੇ ਸਿਹਤ ’ਤੇ ਪ੍ਰਭਾਵ: 0 ਤੋਂ 50 ਦੇ ਵਿਚਕਾਰ ਏਕਿਊਆਈ ਨੂੰ ‘ਚੰਗਾ’ ਮੰਨਿਆ ਜਾਂਦਾ ਹੈ, ਜੋ ਸਿਹਤ ’ਤੇ ਬਹੁਤ ਘੱਟ ਜਾਂ ਕੋਈ ਪ੍ਰਭਾਵ ਨਹੀਂ ਪਾਉਂਦਾ। 51 ਤੋਂ 100 ਦੇ ਵਿਚਕਾਰ ਏਕਿਊਆਈ ‘ਸੰਤੋਖਜਨਕ’ ਸ਼੍ਰੇਣੀ ਵਿੱਚ ਆਉਂਦਾ ਹੈ, ਜਿੱਥੇ ਹਵਾ ਦੀ ਗੁਣਵੱਤਾ ਸਵੀਕਾਰਯੋਗ ਹੁੰਦੀ ਹੈ, ਪਰ ਬੱਚਿਆਂ, ਬਜ਼ੁਰਗਾਂ ਅਤੇ ਸਾਹ ਦੀਆਂ ਬੀਮਾਰੀਆਂ ਵਾਲੇ ਸੰਵੇਦਨਸ਼ੀਲ ਲੋਕਾਂ ਨੂੰ ਮਾਮੂਲੀ ਤਕਲੀਫ਼ ਹੋ ਸਕਦੀ ਹੈ। ‘ਮੱਧਮ’ ਸ਼੍ਰੇਣੀ 101 ਤੋਂ 200 ਦੇ ਵਿਚਕਾਰ ਹੁੰਦੀ ਹੈ, ਜੋ ਪ੍ਰਦੂਸ਼ਣ ਦੇ ਵਧਦੇ ਪੱਧਰ ਨੂੰ ਦਰਸਾਉਂਦੀ ਹੈ ਅਤੇ ਅਸਥਮਾ, ਫੇਫੜਿਆਂ ਜਾਂ ਦਿਲ ਦੀਆਂ ਬੀਮਾਰੀਆਂ ਵਾਲੇ ਲੋਕਾਂ ਲਈ ਸਾਹ ਲੈਣ ਵਿੱਚ ਮੁਸ਼ਕਲ ਖੜ੍ਹੀ ਕਰ ਸਕਦੀ ਹੈ। 201 ਤੋਂ 300 ਦੇ ਵਿਚਕਾਰ ਏਕਿਊਆਈਨੂੰ ‘ਖ਼ਰਾਬ’ ਮੰਨਿਆ ਜਾਂਦਾ ਹੈ, ਜਿਸ ਵਿੱਚ ਲੰਬੇ ਸਮੇਂ ਤੱਕ ਰਹਿਣ ਨਾਲ ਆਮ ਲੋਕਾਂ ਨੂੰ ਵੀ ਸਾਹ ਦੀ ਤਕਲੀਫ਼ ਹੋ ਸਕਦੀ ਹੈ। 301 ਤੋਂ 400 ਦੇ ਵਿਚਕਾਰ ਦਾ ਪੱਧਰ ‘ਬਹੁਤ ਖ਼ਰਾਬ’ ਮੰਨਿਆ ਜਾਂਦਾ ਹੈ, ਜੋ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ’ਤੇ ਸਿਹਤਮੰਦ ਲੋਕਾਂ ਵਿੱਚ ਵੀ ਸਾਹ ਦੀਆਂ ਬੀਮਾਰੀਆਂ ਦਾ ਖ਼ਤਰਾ ਪੈਦਾ ਕਰਦਾ ਹੈ। ਸਭ ਤੋਂ ਖ਼ਤਰਨਾਕ ਸ਼੍ਰੇਣੀ ‘ਗੰਭੀਰ’ ਹੈ, ਜਿਸ ਵਿੱਚ ਏਕਿਊਆਈ 401 ਤੋਂ 500 ਦੇ ਵਿਚਕਾਰ ਹੁੰਦਾ ਹੈ। ਇਸ ਪੱਧਰ ’ਤੇ ਹਵਾ ਦੀ ਗੁਣਵੱਤਾ ਹਰ ਕਿਸੇ ਲਈ ਖ਼ਤਰਨਾਕ ਬਣ ਜਾਂਦੀ ਹੈ।

# 11,578 ਫੁੱਟ ਦੀ ਉਚਾਈ ’ਤੇ ਜ਼ੋਜੀਲਾ ਸੁਰੰਗ ਦੀ ਆਖਰੀ ਖੁਦਾਈ ਦਾ ਕੰਮ ਮੁਕੰਮਲ



ਸ੍ਰੀਨਗਰ, 9 ਜੂਨ (ਪ੍ਰਤੀਨਿਧੀ): ਦੁਨੀਆ ਵਿੱਚ ਸਭ ਤੋਂ ਵੱਧ ਉਚਾਈ ’ਤੇ ਸਥਿਤ ‘ਜ਼ੋਜੀਲਾ ਸੁਰੰਗ’ ਦੀ ਆਖਰੀ ਖੁਦਾਈ ਦਾ ਕੰਮ ਮੰਗਲਵਾਰ ਨੂੰ ਸਫ਼ਲਤਾਪੂਰਵਕ ਪੂਰਾ ਹੋ ਗਿਆ ਹੈ। ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਜ਼ੋਜੀਲਾ ਵਿਖੇ ਹੋਏ ਇਸ ਇਤਿਹਾਸਕ ਪ੍ਰੋਗਰਾਮ ਵਿੱਚ ਸ਼ਾਮਲ ਹੋਏ। ਇਸ ਮੌਕੇ ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਅਤੇ ਮੁੱਖ ਮੰਤਰੀ ਉਮਰ ਅਬਦੁੱਲਾ ਵੀ ਮੌਜੂਦ ਸਨ। ਪ੍ਰੋਜੈਕਟ ਨੂੰ ਬਣਾਉਣ ਵਾਲੀ ਕੰਪਨੀ ‘ਮੇਘਾ ਇੰਜੀਨੀਅਰਿੰਗ ਐਂਡ ਇੰਫਰਾਸਟਰਕਚਰ ਲਿਮਟਿਡ’ ਨੇ ਕਿਹਾ ਕਿ 13.153 ਕਿਲੋਮੀਟਰ ਲੰਮੀ ਜ਼ੋਜੀਲਾ ਸੁਰੰਗ ਦੀ ਇਹ ਸਫ਼ਲਤਾ ਭਾਰਤ ਦੇ ਬੁਨਿਆਦੀ ਢਾਂਚੇ ਦੇ ਇਤਿਹਾਸ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਹੈ। ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਬਾਲਟਾਲ (ਸੋਨਮਾਰਗ) ਅਤੇ ਮੀਨਾਮਾਰਗ (ਦਰਾਸ-ਕਾਰਗਿਲ) ਵਿਚਕਾਰ ਜ਼ੋਜੀਲਾ ਖੇਤਰ ਵਿੱਚ ਇਹ ਪ੍ਰੋਜੈਕਟ ਤਿਆਰ ਕੀਤਾ ਜਾ ਰਿਹਾ ਹੈ। ਇਸਦਾ ਮਕਸਦ ਭਾਰਤ ਦੇ ਸਭ ਤੋਂ ਚੁਣੌਤੀਪੂਰਨ ਹਿਮਾਲੀਅਨ ਲਾਂਘੇ ’ਤੇ ਹਰ ਮੌਸਮ ਵਿੱਚ ਨਿਰਵਿਘਨ ਆਵਾਜਾਈ ਯਕੀਨੀ ਬਣਾਉਣਾ ਹੈ, ਜੋ ਹਰ ਸਾਲ ਭਾਰੀ ਬਰਫ਼ਬਾਰੀ, ਬਰਫ਼ ਦੇ ਤੋਦੇ ਡਿੱਗਣ ਅਤੇ ਖ਼ਰਾਬ ਮੌਸਮ ਕਾਰਨ ਲੰਮੇ ਸਮੇਂ ਲਈ ਬਾਕੀ ਦੇਸ਼ ਨਾਲੋਂ ਬਿਲਕੁਲ ਕੱਟਿਆ ਰਹਿੰਦਾ ਹੈ। ਅਧਿਕਾਰੀਆਂ ਅਨੁਸਾਰ, ਅੱਜ ਇਸ ਸਫ਼ਲਤਾ ਨਾਲ ਖੁਦਾਈ ਦਾ ਕੰਮ ਪੂਰਾ ਹੋ ਗਿਆ ਹੈ। ਇਸ ਸੁਰੰਗ ਨੂੰ ਆਮ ਜਨਤਾ ਲਈ ਖੋਲ੍ਹੇ ਜਾਣ ਤੋਂ ਪਹਿਲਾਂ ਅਜੇ ਲਗਪਗ ਦੋ ਸਾਲ ਦਾ ਸਮਾਂ ਲੱਗਣ ਦੀ ਉਮੀਦ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸਮੁੰਦਰ ਤਲ ਤੋਂ 11,578 ਫੁੱਟ ਦੀ ਉਚਾਈ ’ਤੇ ਸਥਿਤ ਇਹ ਸੁਰੰਗ ‘ਭਾਰਤ ਦੇ ਪਹਾੜੀ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਸਭ ਤੋਂ ਮਹੱਤਵਪੂਰਨ ਇੰਜੀਨੀਅਰਿੰਗ ਪ੍ਰਾਪਤੀਆਂ ਵਿੱਚੋਂ ਇੱਕ ਹੈ।’ ਅਧਿਕਾਰੀਆਂ ਮੁਤਾਬਕ, ਇੱਕ ਵਾਰ ਪੂਰੀ ਤਰ੍ਹਾਂ ਚਾਲੂ ਹੋਣ ਤੋਂ ਬਾਅਦ, ਇਹ ਪ੍ਰੋਜੈਕਟ ਸ੍ਰੀਨਗਰ ਅਤੇ ਲੱਦਾਖ ਵਿਚਕਾਰ 365 ਦਿਨ ਸੰਪਰਕ ਯਕੀਨੀ ਬਣਾਏਗਾ, ਜਿਸ ਨਾਲ ਦਰਾਸ, ਕਾਰਗਿਲ, ਲੇਹ ਅਤੇ ਆਸ-ਪਾਸ ਦੇ ਇਲਾਕਿਆਂ ਤੱਕ ਪਹੁੰਚ ਆਸਾਨ ਹੋ ਜਾਵੇਗੀ। ਇਸ ਦੇ ਨਾਲ ਹੀ ਇਹ ਸੰਵੇਦਨਸ਼ੀਲ ਸਰਹੱਦੀ ਖੇਤਰ ਵਿੱਚ ਆਵਾਜਾਈ, ਲੌਜਿਸਟਿਕਸ ਦੀ ਭਰੋਸੇਯੋਗਤਾ ਅਤੇ ਰਣਨੀਤਕ ਪਹੁੰਚ ਨੂੰ ਮਜ਼ਬੂਤ ਕਰੇਗਾ। ਜ਼ੋਜੀਲਾ ਸੁਰੰਗ ਨਾਲ ਇਸ ਖੇਤਰ ਵਿੱਚ ਆਮ ਨਾਗਰਿਕਾਂ ਅਤੇ ਫੌਜ ਦੋਵਾਂ ਦੀ ਆਵਾਜਾਈ ਵਿੱਚ ਵੱਡਾ ਸੁਧਾਰ ਹੋਣ ਦੀ ਉਮੀਦ ਹੈ।

# ਸਹਿਮਤੀ ਨਾਲ ਬਣਾਏ ਸਬੰਧਾਂ ਦੇ ਆਧਾਰ ’ਤੇ ਚਰਿੱਤਰ ਨੂੰ ਮਾੜਾ ਨਹੀਂ ਕਿਹਾ ਜਾ ਸਕਦਾ: ਸੁਪਰੀਮ ਕੋਰਟ



ਨਵੀਂ ਦਿੱਲੀ, 9 ਜੂਨ (ਪ੍ਰਤੀਨਿਧੀ): ਸੁਪਰੀਮ ਕੋਰਟ ਨੇ ਅਹਿਮ ਫ਼ੈਸਲੇ ਵਿੱਚ ਕਿਹਾ ਹੈ ਕਿ ਦੋ ਬਾਲਗਾਂ ਵਿਚਾਲੇ ਆਪਸੀ ਸਹਿਮਤੀ ਨਾਲ ਬਣਾਏ ਸਰੀਰਕ ਸਬੰਧਾਂ ਨੂੰ ਉਸ ਸਬੰਧ ਵਿੱਚ ਸ਼ਾਮਲ ਵਿਅਕਤੀ ਦੇ ਚਰਿੱਤਰ ਬਾਰੇ ਕੋਈ ਮਾੜੀ ਜਾਂ ਉਲਟ ਰਾਏ ਬਣਾਉਣ ਦਾ ਆਧਾਰ ਨਹੀਂ ਮੰਨਿਆ ਜਾ ਸਕਦਾ। ਜਸਟਿਸ ਮਨਮੋਹਨ ਅਤੇ ਜਸਟਿਸ ਮਨੋਜ ਮਿਸ਼ਰਾ ਦੇ ਬੈਂਚ ਨੇ ਇਹ ਟਿੱਪਣੀ ਤਿਲੰਗਾਨਾ ਰਾਜ ਪੱਧਰੀ ਪੁਲਿਸ ਭਰਤੀ ਬੋਰਡ ਨੂੰ ਇੱਕ ਉਮੀਦਵਾਰ ਨੂੰ ਨਿਯੁਕਤ ਕਰਨ ਦਾ ਨਿਰਦੇਸ਼ ਦਿੰਦੇ ਹੋਏ ਕੀਤੀ। ਇਸ ਉਮੀਦਵਾਰ ਦੀ ਪੁਲਿਸ ਕਾਂਸਟੇਬਲ ਵਜੋਂ ਚੋਣ ਸਿਰਫ ਇਸ ਲਈ ਰੱਦ ਕਰ ਦਿੱਤੀ ਗਈ ਸੀ, ਕਿਉਂਕਿ ਉਹ ਅਸਫਲ ਪ੍ਰੇਮ ਸਬੰਧਾਂ ਵਿੱਚੋਂ ਪੈਦਾ ਹੋਏ ਅਪਰਾਧਿਕ ਮਾਮਲੇ ਵਿੱਚ ਨਾਮਜ਼ਦ ਸੀ।

ਅਦਾਲਤ ਨੇ ਕਿਹਾ, “ਦੋ ਸਹਿਮਤ ਅਣਵਿਆਹੇ ਬਾਲਗਾਂ ਵਿਚਕਾਰ ਸਰੀਰਕ ਸਬੰਧ ਆਪਣੇ ਆਪ ਵਿੱਚ ਉਸ ਸਬੰਧ ’ਚ ਸ਼ਾਮਲ ਵਿਅਕਤੀ ਦੇ ਚਰਿੱਤਰ ’ਤੇ ਕੋਈ ਮਾੜਾ ਪ੍ਰਭਾਵ ਪਾਉਣ ਦਾ ਆਧਾਰ ਨਹੀਂ ਹੋ ਸਕਦੇ ਅਤੇ ਨਾ ਹੀ ਹੋਣੇ ਚਾਹੀਦੇ ਹਨ। ਅਜਿਹਾ ਕੋਈ ਕਾਨੂੰਨ ਨਹੀਂ ਹੈ ਜੋ ਦੋ ਸਹਿਮਤ ਅਣਵਿਆਹੇ ਬਾਲਗਾਂ ਨੂੰ ਆਪਣੀ ਪਸੰਦ ਦੇ ਸਬੰਧ ਬਣਾਉਣ ਤੋਂ ਰੋਕਦਾ ਹੋਵੇ।’’

ਸਿਖਰਲੀ ਅਦਾਲਤ ਨੇ ਉਮੀਦਵਾਰ ਵੱਲੋਂ ਦਾਇਰ ਅਪੀਲ ਨੂੰ ਸਵੀਕਾਰ ਕਰ ਲਿਆ ਅਤੇ ਤਿਲੰਗਾਨਾ ਹਾਈ ਕੋਰਟ ਦੇ ਸਿੰਗਲ ਜੱਜ ਦੇ ਉਸ ਹੁਕਮ ਨੂੰ ਬਰਕਰਾਰ ਰੱਖਿਆ, ਜਿਸ ਵਿੱਚ ‘ਸਟਾਈਪੈਂਡਰੀ ਕੈਡੇਟ ਟਰੇਨੀ ਪੁਲਿਸ ਕਾਂਸਟੇਬਲ’ ਦੇ ਅਹੁਦੇ ਲਈ ਉਸ ਦੀ ਨਿਯੁਕਤੀ ’ਤੇ ਮੁੜ ਵਿਚਾਰ ਕਰਨ ਦਾ ਹੁਕਮ ਦਿੱਤਾ ਗਿਆ ਸੀ। ਤਿਲੰਗਾਨਾ ਰਾਜ ਪੱਧਰੀ ਪੁਲਿਸ ਭਰਤੀ ਬੋਰਡ ਨੇ ਉਸ ਦੀ ਨਿਯੁਕਤੀ ਨੂੰ ਇਸ ਆਧਾਰ ’ਤੇ ਰੱਦ ਕਰ ਦਿੱਤਾ ਸੀ ਕਿ 2014 ਵਿੱਚ ਉਸ ਖਿਲਾਫ ਦਰਜ ਕੀਤਾ ਗਿਆ ‘ਵਿਆਹ ਦਾ ਝਾਂਸਾ ਦੇ ਕੇ ਜਬਰਜਨਾਹ’ ਦਾ ਕੇਸ ਨੈਤਿਕ ਨਿਘਾਰ ਨੂੰ ਦਰਸਾਉਂਦਾ ਹੈ। ਇਹ ਕੇਸ ਇੱਕ ਗੁਆਂਢੀ ਨਾਲ ਪ੍ਰੇਮ ਸਬੰਧਾਂ ਕਾਰਨ ਹੋਇਆ ਸੀ।


## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਨਿਵਿਦਾ ਨੰ. 46265212 ਦੇ ਲਈ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਅਤੇ ਉਨ੍ਹਾ ਦੇ ਲਈ ਕੰਮ ਕਰਦੇ ਸੀਨੀਅਰ ਸਮਗਰੀ ਪ੍ਰਬੰਧਕ ਦੁਆਰਾ ਈ-ਨਿਵਿਦਾ ਮੰਗ ਕੀਤੀ ਜਾਂਦੀ ਹੈ। ਵੇਰਵਾ ਇਸ ਪ੍ਰਕਾਰ ਹੈ:-

| | | |
|---|---|---|
| 1 | ਕੰਮ ਦਾ ਨਾਮ | Pantograph Complete (Type-WBL 22.03) suitable for 3-phase MEMU rakes with Mounting Hardware & Necessary Control Valve as per RDSO Drg No. 1-27410.14062 Alt Q or Latest without isolating cock including Interconnecting Bus Bar & associate Hardware. Make: Schunk |
| 2 | ਕੰਮ ਦੀ ਅੰਦਾਜਨ ਲਾਗਤ | ਰੁ. 2,19,55,080/- |
| 3 | ਮਾਤਰਾ | 21 ਨਗ |
| 4 | ਨਿਵਿਦਾ ਦੀ ਬੋਲੀ ਪੇਸ਼ (ਜਮ੍ਹਾ) ਕਰਨ ਦੀ ਮਿਤੀ ਅਤੇ ਸਮਾਂ | 16.07.2026 (11:00 Hrs.) |
| 5 | ਨਿਵਿਦਾ ਦਸਤਾਵੇਜਾਂ ਨੂੰ ਖੋਹਲਣ ਦੀ ਮਿਤੀ ਅਤੇ ਸਮਾਂ | 16.07.2026 (11:00 Hrs.) |
| 6 | ਵੈਬਸਾਈਟ ਵੇਰਵਾ ਜਿਥੋਂ ਨਿਵਿਦਾ ਦਸਤਾਵੇਜਾਂ ਦਾ ਪੂਰਾ ਵੇਰਵਾ ਵੇਖਿਆ ਜਾ ਸਕਦਾ ਹੈ। | www.ireps.gov.in |

ਟਿਪਣੀ: (i) ਈ-ਨਿਵਿਦਾ ਪ੍ਰਣਾਲੀ ਵਿਚ ਸ਼ਾਮਲ ਹੋਣ ਦੇ ਲਈ ਨਿਵਿਦਾਦਾਤਾ ਨੂੰ ਭਾਰਤੀਯ ਰੇਲ ਈ-ਪ੍ਰਾਪਨ ਪ੍ਰਣਾਲੀ (IREPS) ਸਾਈਟ ਯਾਨੀ www.ireps.gov.in ’ਤੇ ਪੰਜੀਕ੍ਰਿਤ ਹੋਣਾ ਚਾਹੀਦਾ। (ii) ਸਾਰੇ ਨਿਯਮਾਂ ਅਤੇ ਸ਼ਰਤਾਂ ਦੇ ਲਈ ਕਿਰਪਾ ਨਿਵਿਦਾ ਦਸਤਾਵੇਜ ਵੇਖੋ। (iii) ਕੋਈ ਵੀ ਮੈਨੂੰਅਲ ਪ੍ਰਸਤਾਵ ਸਵੀਕਾਰ ਨਹੀਂ ਹੈ।

ਐਨਆਈਟੀ ਨੰ. 46265212 ਮਿਤੀ:- 08.06.2026 1970/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਦਿੱਲੀ ਸਰਹੱਦਾਂ ’ਤੇ ਵੱਡਾ ਬਦਲਾਅ: 154 ਐਂਟਰੀ ਪੁਆਇੰਟਾਂ ਤੋਂ ਟੋਲ ਬੈਰੀਅਰ ਹਟਾਉਣ ਦੀ ਤਿਆਰੀ



ਨਵੀਂ ਦਿੱਲੀ, 9 ਜੂਨ (ਪ੍ਰਤੀਨਿਧੀ): ਦਿੱਲੀ ਵਿੱਚ ਵਪਾਰਕ ਵਾਹਨਾਂ ਦੀ ਆਵਾਜਾਈ ਨੂੰ ਤੇਜ਼ ਅਤੇ ਸੁਚਾਰੂ ਬਣਾਉਣ ਲਈ ਵੱਡਾ ਕਦਮ ਚੁੱਕਿਆ ਜਾ ਰਿਹਾ ਹੈ। ਦਿੱਲੀ ਨਗਰ ਨਿਗਮ ਸ਼ਹਿਰ ਦੇ ਸਾਰੇ 154 ਸਰਹੱਦੀ ਐਂਟਰੀ ਪੁਆਇੰਟਾਂ ’ਤੇ ਟੋਲ ਬੈਰੀਅਰ ਹਟਾ ਕੇ ਪੂਰੀ ਤਰ੍ਹਾਂ ਆਟੋਮੈਟਿਕ ਸਿਸਟਮ ਲਾਗੂ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਨਵੇਂ ਸਿਸਟਮ ਨਾਲ ਵਾਹਨਾਂ ਨੂੰ ਰੁਕਣਾ ਨਹੀਂ ਪਵੇਗਾ ਅਤੇ ਟੋਲ ਰਕਮ ਆਪਣੇ ਆਪ ਕੱਟੀ ਜਾਵੇਗੀ, ਜਿਸ ਨਾਲ ਟ੍ਰੈਫਿਕ ਜਾਮ ਅਤੇ ਸਮੇਂ ਦੀ ਬਚਤ ਹੋਵੇਗੀ। ਨਵਾਂ ਸਿਸਟਮ ਮਲਟੀ-ਲੇਨ ਫ੍ਰੀ ਫਲੋ ਤਕਨੀਕ ’ਤੇ ਆਧਾਰਿਤ ਹੋਵੇਗਾ, ਜਿਸ ਵਿੱਚ 19 ਕੈਮਰੇ, ਆਰ.ਐਫ.ਆਈ.ਡੀ. ਰੀਡਰ ਅਤੇ ਆਟੋਮੈਟਿਕ ਨੰਬਰ ਪਲੇਟ ਰਿਕਗਨਿਸ਼ਨ ਕੈਮਰੇ ਵਰਤੇ ਜਾਣਗੇ। ਇਹ ਸਿਸਟਮ ਵਾਹਨ ਦੇ ਗੁਜ਼ਰਦੇ ਹੀ ਟੋਲ ਆਪਣੇ ਆਪ ਕੱਟੇਗਾ। ਇਹ ਬਦਲਾਅ ਖਾਸ ਕਰਕੇ ਗਾਜ਼ੀਪੁਰ, ਰਾਜੋਕਰੀ, ਬਦਰਪੁਰ ਅਤੇ ਗੁਰੂਗ੍ਰਾਮ ਸਰਹੱਦਾਂ ’ਤੇ ਹੋਣ ਵਾਲੀ ਭਾਰੀ ਭੀੜ ਅਤੇ ਪ੍ਰਦੂਸ਼ਣ ਨੂੰ ਘਟਾਉਣ ਲਈ ਕੀਤਾ ਜਾ ਰਿਹਾ ਹੈ। ਐਮਸੀਡੀ ਅਨੁਸਾਰ ਪਿਛਲੇ ਸਾਲ ਹੀ ਕਰੋੜਾਂ ਵਪਾਰਕ ਵਾਹਨ ਦਿੱਲੀ ਵਿੱਚ ਦਾਖਲ ਹੋਏ ਸਨ, ਜਿਸ ਕਾਰਨ ਇਹ ਪ੍ਰਣਾਲੀ ਲਾਜ਼ਮੀ ਬਣ ਗਈ ਸੀ। ਜਿਨ੍ਹਾਂ ਵਾਹਨਾਂ ਕੋਲ ਆਰ.ਐਫ.ਆਈ.ਡੀ. ਟੈਗ ਨਹੀਂ ਹੋਵੇਗਾ, ਉਨ੍ਹਾਂ ਖ਼ਿਲਾਫ਼ ਆਟੋਮੈਟਿਕ ਨੰਬਰ ਪਲੇਟ ਰਾਹੀਂ ਜੁਰਮਾਨਾ ਲਗਾਇਆ ਜਾਵੇਗਾ। ਇਹ ਪ੍ਰੋਜੈਕਟ ਟੈਂਡਰ ਰਾਹੀਂ ਅਗਲੇ ਪੰਜ ਸਾਲਾਂ ਲਈ ਲਾਗੂ ਕੀਤਾ ਜਾਵੇਗਾ ਅਤੇ ਇਸ ਨਾਲ ਐਮਸੀਡੀ ਨੂੰ ਸਾਲਾਨਾ ਵੱਡੀ ਆਮਦਨ ਦੀ ਉਮੀਦ ਹੈ।

# ‘ਸੀ.ਬੀ.ਐਸ.ਈ. ਪੱਛਮੀ ਏਸ਼ੀਆਈ ਦੇਸ਼ਾਂ ਦੇ ਵਿਦਿਆਰਥੀਆਂ ਲਈ ਦਾਖ਼ਲਾ ਪ੍ਰਕਿਰਿਆ ਤੇਜ਼ ਕਰੇ’

## 12ਵੀਂ ਜਮਾਤ ਦੇ ਸੁਧਾਰ ਪ੍ਰੀਖਿਆਵਾਂ ਦੇ ਨਤੀਜੇ ਐਲਾਨਣ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਸੀ



ਨਵੀਂ ਦਿੱਲੀ, 9 ਜੂਨ (ਪ੍ਰਤੀਨਿਧੀ): ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀਬੀਐਸਈ) ਨੂੰ ਪੱਛਮੀ ਏਸ਼ੀਆਈ ਦੇਸ਼ਾਂ ਦੇ ਵਿਦਿਆਰਥੀਆਂ ਲਈ ਦਾਖਲਾ ਪ੍ਰਕਿਰਿਆ ਵਿੱਚ ਦੇਰੀ ਤੋਂ ਬਚਣ ਲਈ 12ਵੀਂ ਜਮਾਤ ਦੇ ਸੁਧਾਰ ਪ੍ਰੀਖਿਆਵਾਂ ਦੇ ਨਤੀਜਿਆਂ ਦੇ ਐਲਾਨ ਨੂੰ ਤੇਜ਼ ਕਰਨ ਲਈ ਪ੍ਰਭਾਵਸ਼ਾਲੀ ਕਦਮ ਚੁੱਕਣ ਦਾ ਨਿਰਦੇਸ਼ ਦਿੱਤਾ। ਅਦਾਲਤ ਨੇ ਬੋਰਡ ਨੂੰ ਸ਼ੁੱਕਰਵਾਰ ਤੱਕ ਇੱਕ ਯੋਜਨਾ ਪੇਸ਼ ਕਰਨ ਲਈ ਕਿਹਾ, ਭਾਵੇਂ ਕਿੰਨੀ ਵੀ ਕੋਸ਼ਿਸ਼ ਦੀ ਲੋੜ ਹੋਵੇ। ਜਸਟਿਸ ਮਨਮੋਹਨ ਅਤੇ ਵਿਜੇ ਬਿਸ਼ਨੋਈ ਦੇ ਬੈਂਚ ਨੇ ਸਾਊਦੀ ਅਰਬ ਦੇ ਇੱਕ ਵਿਦੇਸ਼ੀ ਵਿਦਿਆਰਥੀ ਦੁਆਰਾ ਦਾਇਰ ਪਟੀਸ਼ਨ ’ਤੇ ਸੁਣਵਾਈ ਕਰਨ ਦਾ ਫੈਸਲਾ ਕੀਤਾ। ਵਿਦਿਆਰਥੀ ਨੇ ਸੀਬੀਐਸਈ ਨੂੰ ਆਪਣੀਆਂ 12ਵੀਂ ਜਮਾਤ ਦੇ ਸੁਧਾਰ ਪ੍ਰੀਖਿਆਵਾਂ ਦੇ ਨਤੀਜੇ ਐਲਾਨਣ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਸੀ।

ਅਦਾਲਤ ਨੇ ਬੋਰਡ ਨੂੰ ਨੋਟਿਸ ਵੀ ਜਾਰੀ ਕੀਤਾ। ਅਦਾਲਤ ਨੇ ਸੀਬੀਐਸਈ ਨੂੰ ਪਟੀਸ਼ਨਰ ਅਤੇ ਹੋਰ ਵਿਦਿਆਰਥੀਆਂ ਦੇ ਹਿੱਤਾਂ ਦੀ ਰੱਖਿਆ ਲਈ ਸ਼ੁੱਕਰਵਾਰ ਤੱਕ ਹੱਲ ਲੱਭਣ ਲਈ ਕਿਹਾ। ਬੋਰਡ ਦੇ ਵਕੀਲ ਨੇ ਪਟੀਸ਼ਨ ਦਾ ਜਵਾਬ ਦੇਣ ਲਈ ਹੋਰ ਸਮਾਂ ਮੰਗਿਆ, ਪਰ ਬੈਂਚ ਨੇ ਬੇਨਤੀ ਨੂੰ ਰੱਦ ਕਰ ਦਿੱਤਾ ਅਤੇ ਸੁਣਵਾਈ ਲਈ 12 ਜੂਨ ਨਿਰਧਾਰਤ ਕੀਤੀ। ਬੈਂਚ ਨੇ ਕਿਹਾ, ‘ਜੇਕਰ ਜ਼ਰੂਰੀ ਹੋਵੇ ਤਾਂ ਦਿਨ-ਰਾਤ ਕੰਮ ਕਰੋ, ਪਰ ਇਹ ਕੰਮ ਸ਼ੁੱਕਰਵਾਰ ਤੱਕ ਪੂਰਾ ਕਰੋ।’

# ਸਥਿਤੀ ਆਮ ਹੋਣ 'ਤੇ ਘਟਣਗੇ ਤੇਲ-ਗੈਸ ਦੇ ਭਾਅ: ਕੇਂਦਰੀ ਮੰਤਰੀ ਵਰਮਾ



ਅੰਬਾਲਾ, 9 ਜੂਨ (ਪ੍ਰਤੀਨਿਧੀ) : ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਰਾਜ ਮੰਤਰੀ ਬੀ.ਐੱਲ. ਵਰਮਾ ਨੇ ਕਿਹਾ ਕਿ ਦੇਸ਼ ਵਿੱਚ ਆਲਮੀ ਰੁਕਾਵਟਾਂ ਕਾਰਨ ਤੇਲ ਅਤੇ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ ਅਤੇ ਸਥਿਤੀ ਆਮ ਹੋਣ 'ਤੇ ਕੀਮਤਾਂ ਘਟਾ ਦਿੱਤੀਆਂ ਜਾਣਗੀਆਂ।

ਮੰਤਰੀ ਬੀ.ਐੱਲ. ਵਰਮਾ ਪਾਰਟੀ ਦੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਅੰਬਾਲਾ ਪਹੁੰਚੇ ਸਨ ਅਤੇ ਉਨ੍ਹਾਂ ਅੰਬਾਲਾ ਸ਼ਹਿਰ ਵਿੱਚ ਸਫ਼ਾਈ ਮੁਹਿੰਮ ਵਿੱਚ ਵੀ ਹਿੱਸਾ ਲਿਆ।

ਮੰਤਰੀ ਨੇ ਕਿਹਾ, 'ਭਾਜਪਾ ਸਰਕਾਰ ਨੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੀਆਂ ਔਰਤਾਂ ਨੂੰ ਉੱਜਵਲਾ ਗੈਸ ਕੁਨੈਕਸ਼ਨ ਦਿੱਤੇ ਹਨ ਅਤੇ ਉਨ੍ਹਾਂ ਨੂੰ ਸਬਸਿਡੀ ਵੀ ਮੁਹੱਈਆ ਕਰਵਾਈ ਹੈ। ਅਮਰੀਕਾ-ਇਜ਼ਰਾਈਲ ਅਤੇ ਈਰਾਨ ਵਿਚਾਲੇ ਜੰਗ ਕਾਰਨ ਗਲੋਬਲ ਮਾਰਕੀਟ ਵਿੱਚ ਚੱਲ ਰਹੇ ਸੰਕਟ ਕਾਰਨ ਦੇਸ਼ ਵਿੱਚ ਤੇਲ ਅਤੇ ਗੈਸ ਦੀਆਂ ਕੀਮਤਾਂ ਵਧੀਆਂ ਹਨ। ਹਾਲਾਂਕਿ, ਭਾਰਤ ਵਿੱਚ ਸਥਿਤੀ ਹੋਰ ਦੇਸ਼ਾਂ ਦੇ ਮੁਕਾਬਲੇ ਬਿਹਤਰ ਹੈ। ਸਰਕਾਰ ਨੇ ਨਾਗਰਿਕਾਂ ਨੂੰ ਕਿਸੇ ਵੀ ਭਾਰੀ ਵਿੱਤੀ ਬੋਝ ਤੋਂ ਬਚਾਇਆ ਹੈ। ਸਰਕਾਰ ਕੀਮਤਾਂ ਨੂੰ ਸਥਿਰ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ। ਜਿਵੇਂ ਹੀ ਸਥਿਤੀ ਵਿੱਚ ਸੁਧਾਰ ਹੋਵੇਗਾ, ਕੀਮਤਾਂ ਘਟਾ ਦਿੱਤੀਆਂ ਜਾਣਗੀਆਂ।' ਉਨ੍ਹਾਂ ਦੇ ਨਾਲ ਸਾਬਕਾ ਰਾਜ ਮੰਤਰੀ ਅਸੀਮ ਗੋਇਲ, ਅੰਬਾਲਾ ਜ਼ਿਲ੍ਹਾ ਇੰਚਾਰਜ ਧਰਮ ਵੀਰ ਮਿਰਜ਼ਾਪੁਰ, ਜ਼ਿਲ੍ਹਾ ਪ੍ਰਧਾਨ ਮਨਦੀਪ ਰਾਣਾ ਅਤੇ ਕਈ ਹੋਰ ਭਾਜਪਾ ਆਗੂ ਮੌਜੂਦ ਸਨ। ਭਾਜਪਾ ਆਗੂ ਅਸੀਮ ਗੋਇਲ ਨੇ ਦੱਸਿਆ ਕਿ ਪਾਰਟੀ ਵੱਲੋਂ ਇੱਕ ਬੌਧਿਕ ਮੀਟਿੰਗ ਕਰਵਾਈ ਗਈ ਸੀ ਜਿਸ ਵਿੱਚ ਕੇਂਦਰੀ ਮੰਤਰੀ ਨੇ ਇਕੱਠ ਨੂੰ ਸੰਬੋਧਨ ਕੀਤਾ। ਮੀਟਿੰਗ ਦੌਰਾਨ ਵਿਕਾਸ, ਚੰਗੇ ਸ਼ਾਸਨ ਅਤੇ ਜਨ ਭਲਾਈ ਸਮੇਤ ਵੱਖ-ਵੱਖ ਵਿਸ਼ਿਆਂ 'ਤੇ ਚਰਚਾ ਕੀਤੀ ਗਈ। ਬੀ.ਐੱਲ. ਵਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ ਸ਼ੁਰੂ ਕੀਤੀ ਗਈ ਸਵੱਛ ਭਾਰਤ ਮੁਹਿੰਮ ਦੇ ਦੇਸ਼ ਭਰ ਵਿੱਚ ਸਕਾਰਾਤਮਕ ਨਤੀਜੇ ਸਾਹਮਣੇ ਆ ਰਹੇ ਹਨ। ਭਾਜਪਾ ਸਰਕਾਰ ਦੇਸ਼ ਵਿੱਚ ਵੱਖ-ਵੱਖ ਜਨ ਭਲਾਈ ਪ੍ਰੋਗਰਾਮ ਚਲਾ ਰਹੀ ਹੈ ਅਤੇ ਸਮਾਜ ਦੇ ਸਾਰੇ ਵਰਗਾਂ ਦੇ ਵਿਕਾਸ ਨੂੰ ਯਕੀਨੀ ਬਣਾ ਰਹੀ ਹੈ। ਬਾਅਦ ਵਿੱਚ ਮੰਤਰੀ ਨੇ ਹਰਿਆਣਾ ਦੇ ਕੈਬਨਿਟ ਮੰਤਰੀ ਅਨਿਲ ਵਿਜ ਦੇ ਨਾਲ ਅੰਬਾਲਾ ਛਾਉਣੀ ਵਿੱਚ ਬਣੇ ਨਵੇਂ ਘਰੇਲੂ ਹਵਾਈ ਅੱਡੇ ਅਤੇ ਸ਼ਹੀਦ ਸਮਾਰਕ ਦਾ ਦੌਰਾ ਕੀਤਾ। ਵਰਮਾ ਨੇ ਕਿਹਾ ਕਿ ਭਾਜਪਾ ਸਰਕਾਰ ਅਧੀਨ ਹਵਾਈ ਅੱਡਿਆਂ ਦੀ ਗਿਣਤੀ 74 ਤੋਂ ਵਧ ਕੇ 164 ਹੋ ਗਈ ਹੈ, ਅਤੇ ਉਨ੍ਹਾਂ ਨੇ ਵਿਸ਼ਵਾਸ ਪ੍ਰਗਟਾਇਆ ਕਿ ਅੰਬਾਲਾ ਛਾਉਣੀ ਵਿਖੇ ਨਵ-ਨਿਰਮਿਤ ਘਰੇਲੂ ਹਵਾਈ ਅੱਡਾ ਦੇਸ਼ ਦਾ 165ਵਾਂ ਕਾਰਜਸ਼ੀਲ ਹਵਾਈ ਅੱਡਾ ਬਣ ਜਾਵੇਗਾ ਅਤੇ ਇਸ ਸਹੂਲਤ ਤੋਂ ਜਲਦੀ ਹੀ ਉਡਾਣ ਸੇਵਾਵਾਂ ਸ਼ੁਰੂ ਹੋ ਜਾਣਗੀਆਂ।

# ਮੁੱਖ ਮੰਤਰੀ ਨੇ ਸੈਣੀ ਪੰਚਕੂਲਾ 'ਚ ਰਾਜ ਪੱਧਰੀ ਸਸ਼ਕਤ ਪੰਚਾਇਤ ਸਮਾਰੋਹ

**➢ ਵੱਖ-ਵੱਖ ਯੋਜਨਾਵਾਂ ਤਹਿਤ 2,697 ਕਰੋੜ ਰੁਪਏ ਤੋਂ ਵੱਧ ਦੀ ਰਕਮ ਜਾਰੀ ਕੀਤੀ ➢ ਪੰਚਾਇਤਾਂ ਨੂੰ ਹੋਰ ਅਧਿਕਾਰ ਅਤੇ ਸਾਧਨ ਦੇਣ, ਪੇਂਡੂ ਵਿਕਾਸ ਨੂੰ ਗਤੀ ਪ੍ਰਦਾਨ ਕਰਨ, ਨਸ਼ਾ ਮੁਕਤੀ, ਵਾਤਾਵਰਣ ਸੰਭਾਲ ਅਤੇ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਦਾ ਕੀਤਾ ਸੱਦਾ**







ਪੰਚਕੂਲਾ 9 ਜੂਨ (ਅੰਮ੍ਰਿਤਪਾਲ ਸਿੰਘ) : ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪੇਂਡੂਆਂ ਨੂੰ ਵੱਡੀ ਰਾਹਤ ਦਿੰਦੇ ਹੋਏ ਐਲਾਨ ਕੀਤਾ ਹੈ ਕਿ ਜੋ ਪਰਿਵਾਰ ਪਿੰਡ ਦੀ ਸ਼ਾਮਲਾਤ ਜ਼ਮੀਨ 'ਤੇ ਪਿਛਲੇ 20 ਸਾਲਾਂ ਤੋਂ ਮਕਾਨ ਬਣਾ ਕੇ ਰਹਿ ਰਹੇ ਹਨ, ਅਜਿਹੇ ਪਰਿਵਾਰ ਮਾਲਕੀ ਹੱਕ ਲਈ ਨਿਯਮਾਂ ਅਨੁਸਾਰ ਹੁਣ 16 ਜਨਵਰੀ 2027 ਤੱਕ ਆਪਣੀਆਂ ਅਰਜ਼ੀਆਂ ਦੇ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਅਜਿਹੇ ਪਰਿਵਾਰਾਂ ਤੋਂ ਸਾਲ 2004 ਦੀ ਕਲੈਕਟਰ ਦਰ ਦੇ ਡੇਢ ਗੁਣਾ ਅਨੁਸਾਰ ਜ਼ਮੀਨ ਖਰੀਦ ਦੀ ਰਕਮ ਜਮ੍ਹਾਂ ਕਰਵਾਈ ਜਾਵੇਗੀ। ਦਸਤਾਵੇਜ਼ੀ ਮੁਸ਼ਕਿਲਾਂ ਕਾਰਨ ਕਈ ਯੋਗ ਲੋਕ ਅਪਲਾਈ ਨਹੀਂ ਕਰ ਸਕੇ ਸਨ, ਅਜਿਹੇ ਵਿੱਚ ਸਰਕਾਰ ਨੇ ਉਨ੍ਹਾਂ ਨੂੰ ਰਾਹਤ ਦਿੱਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਐਲਾਨ ਕੀਤਾ ਹੈ ਕਿ ਪੇਂਡੂ ਖੇਤਰਾਂ ਵਿੱਚ ਕੂੜਾ ਪ੍ਰਬੰਧਨ ਨੂੰ ਮਜ਼ਬੂਤ ਬਣਾਉਣ ਲਈ ਟ੍ਰੈਕਟਰ-ਟਰਾਲੀ, ਚਾਲਕ (ਡਰਾਈਵਰ) ਅਤੇ ਕੂੜਾ ਇਕੱਠਾ ਕਰਨ ਵਾਲੇ ਕਰਮਚਾਰੀ ਉਪਲਬਧ ਕਰਵਾਏ ਜਾਣਗੇ। ਇਹ ਟ੍ਰੈਕਟਰ ਈ-ਵ੍ਹੀਕਲ ਹੋਣਗੇ। ਇਸ ਤੋਂ ਇਲਾਵਾ ਵੇਸਟ-ਟੂ-ਐਨਰਜੀ ਪ੍ਰੋਜੈਕਟਾਂ 'ਤੇ ਵੀ ਸਰਕਾਰ ਕੰਮ ਕਰ ਰਹੀ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਮੰਗਲਵਾਰ ਨੂੰ ਪੰਚਕੂਲਾ ਦੇ ਇੰਦਰਧਨੁਸ਼ ਆਡੀਟੋਰੀਅਮ ਵਿੱਚ ਆਯੋਜਿਤ ਰਾਜ ਪੱਧਰੀ ਸਸ਼ਕਤ ਪੰਚਾਇਤ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ 17 ਜ਼ਿਲ੍ਹਿਆਂ ਦੇ 179 ਪਿੰਡਾਂ ਦੀਆਂ ਫਿਰਨੀਆਂ 'ਤੇ ਐਲ.ਈ.ਡੀ. ਸਟ੍ਰੀਟ ਲਾਈਟਾਂ ਦਾ ਉਦਘਾਟਨ ਵੀ ਕੀਤਾ, ਜਿਨ੍ਹਾਂ 'ਤੇ 23 ਕਰੋੜ 21 ਲੱਖ ਰੁਪਏ ਦੀ ਲਾਗਤ ਆਈ ਹੈ। ਨਾਲ ਹੀ 17 ਜ਼ਿਲ੍ਹਿਆਂ ਵਿੱਚ 44 ਕਰੋੜ ਰੁਪਏ ਦੀ ਲਾਗਤ ਨਾਲ ਬਣੀਆਂ 350 ਅਟਲ ਲਾਇਬ੍ਰੇਰੀਆਂ ਦਾ ਵੀ ਲੋਕ ਅਰਪਣ ਕੀਤਾ। ਉਨ੍ਹਾਂ ਨੇ ਗ੍ਰਾਮ ਵਿਕਾਸ ਲਈ ਪੰਚਾਇਤੀ ਰਾਜ ਸੰਸਥਾਵਾਂ ਨੂੰ ਵਿਕਾਸ ਕਾਰਜਾਂ ਲਈ 1 ਹਜ਼ਾਰ 56 ਕਰੋੜ 75 ਲੱਖ ਰੁਪਏ ਸਿੱਧੇ ਉਨ੍ਹਾਂ ਦੇ ਖਾਤਿਆਂ ਵਿੱਚ ਵੀ ਟ੍ਰਾਂਸਫਰ ਕੀਤੇ। ਇਸ ਮੌਕੇ 'ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਜਾਗ੍ਰਿਤ ਗ੍ਰਾਮ ਪੁਰਸਕਾਰਾਂ ਤਹਿਤ ਸੂਬੇ ਦੀਆਂ 6 ਗ੍ਰਾਮ ਪੰਚਾਇਤਾਂ ਨੂੰ ਵਿਕਾਸ, ਸਵੱਛਤਾ ਅਤੇ ਸੁਸ਼ਾਸਨ ਦੇ ਨਵੇਂ ਮਾਪਦੰਡ ਸਥਾਪਿਤ ਕਰਨ ਲਈ ਸਨਮਾਨਿਤ ਕੀਤਾ ਅਤੇ ਉਨ੍ਹਾਂ ਨੂੰ 1 ਕਰੋੜ 66 ਲੱਖ ਰੁਪਏ ਦੀ ਪੁਰਸਕਾਰ ਰਕਮ ਦਿੱਤੀ ਗਈ। ਇਨ੍ਹਾਂ ਪੰਚਾਇਤਾਂ ਵਿੱਚ ਫਤਿਹਾਬਾਦ ਜ਼ਿਲ੍ਹੇ ਦੇ ਪਿੰਡ ਜਾਂਡਲੀ ਕਲਾਂ ਦੀ ਗ੍ਰਾਮ ਪੰਚਾਇਤ ਨੂੰ 51 ਲੱਖ ਰੁਪਏ, ਚਰਖੀ ਦਾਦਰੀ ਦੇ ਪਿੰਡ ਝਿੰਝਰ ਦੀ ਪੰਚਾਇਤ ਨੂੰ 31 ਲੱਖ, ਅੰਬਾਲਾ ਦੇ ਸਾਹਾ ਦੀ ਪੰਚਾਇਤ ਨੂੰ 21 ਲੱਖ ਰੁਪਏ ਦੀ ਰਕਮ ਪ੍ਰਦਾਨ ਕੀਤੀ ਗਈ। ਇਸੇ ਤਰ੍ਹਾਂ ਦੂਜੀ ਸ਼੍ਰੇਣੀ ਵਿੱਚ ਫਤਿਹਾਬਾਦ ਜ਼ਿਲ੍ਹੇ ਦੇ ਪਿੰਡ ਜੱਲੋਪੁਰ ਦੀ ਪੰਚਾਇਤ ਨੂੰ 31 ਲੱਖ ਰੁਪਏ, ਪਿੰਡ ਗਦਲੀ ਨੂੰ 21 ਲੱਖ ਰੁਪਏ ਅਤੇ ਕਰਨਾਲ ਦੇ ਮਰਦਾਨਹੇੜੀ ਪਿੰਡ ਦੀ ਗ੍ਰਾਮ ਪੰਚਾਇਤ ਨੂੰ 11 ਲੱਖ ਰੁਪਏ ਦਾ ਪੁਰਸਕਾਰ ਦਿੱਤਾ ਗਿਆ। ਉਨ੍ਹਾਂ ਨੇ ਇਸ ਦੌਰਾਨ ਕੁਰੂਕਸ਼ੇਤਰ ਦੇ ਸੱਭਿਆਚਾਰਕ ਅਤੇ ਧਾਰਮਿਕ ਮਹੱਤਵ 'ਤੇ ਅਧਾਰਤ 'ਧਰਮਕਸ਼ੇਤਰ ਕੁਰੂਕਸ਼ੇਤਰ' ਪੁਸਤਕ ਦਾ ਵਿਮੋਚਨ ਵੀ ਕੀਤਾ।

ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਾਰਤ ਦੀ ਅਸਲੀ ਸ਼ਕਤੀ ਹਮੇਸ਼ਾ ਪਿੰਡਾਂ ਅਤੇ ਪੰਚਾਇਤਾਂ ਵਿੱਚ ਹੈ ਅਤੇ ਪੰਚ ਪਰਮੇਸ਼ਵਰ ਦੀ ਪਰੰਪਰਾ ਨੇ ਦੇਸ਼ ਵਿੱਚ ਲੋਕਤੰਤਰ ਨੂੰ ਜਿਉਂਦਾ ਰੱਖਿਆ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਵਿੱਚ ਪਿੰਡਾਂ ਨੂੰ ਵਿਕਾਸ ਦਾ ਭਾਗੀਦਾਰ ਬਣਾਉਣ ਦੀ ਦਿਸ਼ਾ ਵਿੱਚ ਲਗਾਤਾਰ ਇਤਿਹਾਸਕ ਕਦਮ ਚੁੱਕੇ ਜਾ ਰਹੇ ਹਨ ਅਤੇ ਅੱਜ ਇਸੇ ਲੜੀ ਤਹਿਤ ਵੱਖ-ਵੱਖ ਯੋਜਨਾਵਾਂ ਤਹਿਤ ਕੁੱਲ 2,697 ਕਰੋੜ ਰੁਪਏ ਤੋਂ ਵੱਧ ਦੀ ਰਕਮ ਜਾਰੀ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਪਿੰਡ ਨੂੰ ਯੋਜਨਾ ਦਾ ਆਖਰੀ ਪੜਾਅ ਨਹੀਂ, ਸਗੋਂ ਵਿਕਾਸ ਦਾ ਪਹਿਲਾ ਕੇਂਦਰ ਮੰਨਣ ਦੀ ਸੋਚ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਦੀਆਂ ਨੀਤੀਆਂ ਕਾਰਨ ਲਾਭ ਹੁਣ ਆਖਰੀ ਪਾਇਦਾਨ 'ਤੇ ਖੜ੍ਹੇ ਵਿਅਕਤੀ ਤੱਕ ਪਹੁੰਚ ਰਿਹਾ ਹੈ ਅਤੇ ਸੇਵਾ, ਸੁਸ਼ਾਸਨ ਤੇ ਜਨ-ਕਲਿਆਣ ਦਾ ਨਵਾਂ ਅਧਿਆਏ ਲਿਖਿਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਮਿਡਲ ਈਸਟ ਵਿੱਚ ਜੋ ਹਾਲਾਤ ਬਣੇ, ਉਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਈਂਧਨ ਬਚਾਉਣ ਦਾ ਸੱਦਾ ਦਿੱਤਾ, ਇਸ ਦੇ ਨਾਲ ਹੀ ਅਜਿਹੀ ਰਣਨੀਤੀ ਬਣਾਈ ਹੈ ਜਿਸ ਨਾਲ ਅਸੀਂ ਇਸ ਸਮੱਸਿਆ ਤੋਂ ਪਾਰ ਪਾ ਸਕੀਏ। ਮੁੱਖ ਮੰਤਰੀ ਨੇ ਕੋਵਿਡ-19 ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਦੌਰ ਵੀ ਬਹੁਤ ਚੁਣੌਤੀਪੂਰਨ ਸੀ, ਪਰ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਨੇ ਇਸ ਵਿਸ਼ਵ ਵਿਆਪੀ ਸੰਕਟ ਦਾ ਸਫਲਤਾਪੂਰਵਕ ਸਾਹਮਣਾ ਕੀਤਾ। ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਪਿਛਲੇ 12 ਸਾਲਾਂ ਵਿੱਚ ਦੇਸ਼ ਨੇ ਵਿਕਾਸ ਦੇ ਨਵੇਂ ਆਯਾਮ ਸਥਾਪਿਤ ਕੀਤੇ ਹਨ ਅਤੇ ਲੋਕਾਂ ਦਾ ਸ਼ਾਸਨ ਵਿਵਸਥਾ 'ਤੇ ਵਿਸ਼ਵਾਸ ਲਗਾਤਾਰ ਮਜ਼ਬੂਤ ਹੋਇਆ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪ੍ਰੋਗਰਾਮ ਦੌਰਾਨ ਹਰ ਮਹੀਨੇ ਡੀਬੀਟੀ ਰਾਹੀਂ ਦਿੱਤੀਆਂ ਜਾਣ ਵਾਲੀਆਂ ਵੱਖ-ਵੱਖ ਯੋਜਨਾਵਾਂ ਦੀ ਕਿਸ਼ਤ ਵੀ ਰਿਮੋਟ ਦਾ ਬਟਨ ਦਬਾ ਕੇ ਜਾਰੀ ਕੀਤੀ। ਇਸ ਦੌਰਾਨ ਉਨ੍ਹਾਂ ਨੇ ਦੀਨ ਦਿਆਲ ਲਾਡੋ ਲਕਸ਼ਮੀ ਯੋਜਨਾ ਤਹਿਤ ਮਾਵਾਂ-ਭੈਣਾਂ ਨੂੰ 8ਵੀਂ ਕਿਸ਼ਤ ਵਜੋਂ 207 ਕਰੋੜ 75 ਲੱਖ ਰੁਪਏ ਜਾਰੀ ਕੀਤੇ। ਇਸੇ ਤਰ੍ਹਾਂ 'ਹਰ ਘਰ-ਹਰ ਗ੍ਰਹਿਣੀ' ਯੋਜਨਾ ਤਹਿਤ 19 ਕਰੋੜ 75 ਲੱਖ ਰੁਪਏ ਪਾਏ ਗਏ। ਸਮਾਜਿਕ ਸੁਰੱਖਿਆ ਪੈਨਸ਼ਨਾਂ ਦੇ ਲਾਭਪਾਤਰੀਆਂ ਨੂੰ 1 ਹਜ਼ਾਰ 151 ਕਰੋੜ 51 ਲੱਖ ਰੁਪਏ ਸਿੱਧੇ ਉਨ੍ਹਾਂ ਦੇ ਖਾਤਿਆਂ ਵਿੱਚ ਟ੍ਰਾਂਸਫਰ ਕੀਤੇ ਗਏ। ਇਸ ਤੋਂ ਇਲਾਵਾ ਓ.ਬੀ.ਸੀ. ਅਤੇ ਡੀ.ਐਨ.ਟੀ. ਵਰਗਾਂ ਦੇ ਵਿਦਿਆਰਥੀਆਂ ਨੂੰ 23 ਕਰੋੜ 17 ਲੱਖ ਰੁਪਏ ਦੇ ਵਜ਼ੀਫ਼ੇ ਪ੍ਰਦਾਨ ਕੀਤੇ ਗਏ। ਦਿਆਲੂ ਯੋਜਨਾ ਤਹਿਤ 169 ਕਰੋੜ 50 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪਿੰਡਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਕੇਵਲ ਸਰਕਾਰ ਦੀ ਹੀ ਨਹੀਂ ਸਗੋਂ ਪੰਚਾਇਤ ਪ੍ਰਤੀਨਿਧਾਂ ਦੀ ਵੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਕਿਹਾ ਕਿ ਕਈ ਅਜਿਹੇ ਕੰਮ ਹਨ ਜੋ ਬਿਨਾਂ ਕਿਸੇ ਵਾਧੂ ਵਿੱਤੀ ਸਹਾਇਤਾ ਦੇ ਵੀ ਜਨਤਕ ਭਾਗੀਦਾਰੀ ਰਾਹੀਂ ਪੂਰੇ ਕੀਤੇ ਜਾ ਸਕਦੇ ਹਨ। ਪਿੰਡਾਂ ਨੂੰ ਵਿਕਾਸ ਦਾ ਕੇਂਦਰ ਬਣਾਉਣ ਲਈ ਸਰਪੰਚਾਂ ਦੀ ਸਰਗਰਮ ਭੂਮਿਕਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਰਾਜ ਵਿੱਚ 98 ਫੀਸਦੀ ਤੋਂ ਵੱਧ ਪਿੰਡ ਓ.ਡੀ.ਐਫ. ਪਲੱਸ ਬਣ ਚੁੱਕੇ ਹਨ ਅਤੇ 2 ਅਕਤੂਬਰ 2026 ਤੱਕ ਸਾਰੇ ਪਿੰਡਾਂ ਨੂੰ ਓਡੀਐਫ ਪਲੱਸ ਮਾਡਲ ਪਿੰਡ ਬਣਾਇਆ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ 2,100 ਤੋਂ ਵੱਧ ਅੰਮ੍ਰਿਤ ਸਰੋਵਰ ਬਣਾਏ ਜਾ ਚੁੱਕੇ ਹਨ। ਸਰਕਾਰ ਨੇ ਗ੍ਰਾਮ ਪੰਚਾਇਤ ਦੁਆਰਾ ਵਿਕਾਸ ਕਾਰਜ ਕਰਵਾਉਣ ਦੀ ਸੀਮਾ 5 ਲੱਖ ਰੁਪਏ ਤੋਂ ਵਧਾ ਕੇ 21 ਲੱਖ ਰੁਪਏ ਕੀਤੀ ਹੈ।

ਮੰਤਰੀ ਸ੍ਰੀ ਕ੍ਰਿਸ਼ਨ ਲਾਲ ਪੰਵਾਰ ਨੇ ਕਿਹਾ ਕਿ ਪਿੰਡਾਂ ਵਿੱਚ ਵੀ ਸ਼ਹਿਰਾਂ ਵਰਗੀਆਂ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ।

ਸਮਾਰੋਹ ਵਿੱਚ ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ, ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ, ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਸ੍ਰੀ ਕ੍ਰਿਸ਼ਨ ਕੁਮਾਰ ਬੇਦੀ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਸ਼ਰੁਤੀ ਚੌਧਰੀ, ਰਾਜਸਭਾ ਸਾਂਸਦ ਸ੍ਰੀਮਤੀ ਰੇਖਾ ਸ਼ਰਮਾ, ਮੇਅਰ ਸ੍ਰੀ ਸ਼ਿਆਮ ਲਾਲ ਬੰਸਲ, ਹਰਿਆਣਾ ਵਿਧਾਨ ਸਭਾ ਦੇ ਸਾਬਕਾ ਸਪੀਕਰ ਸ੍ਰੀ ਗਿਆਨਚੰਦ ਗੁਪਤਾ, ਸੂਬਾ ਉੱਪ ਰਧਾਨ ਸ੍ਰੀਮਤੀ ਬੰਤੋ ਕਟਾਰਿਆ ਅਤੇ ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਸ੍ਰੀ ਅਰੁਣ ਕੁਮਾਰ ਗੁਪਤਾ, ਸਮਾਜਿਕ ਨਿਆਂ, ਅਧਿਕਾਰਤਾ, ਅਨੁਸੂਚਿਤ ਜਾਤੀ ਅਤੇ ਪਿਛੜਾ ਵਰਗ ਭਲਾਈ ਅਤੇ ਅੰਤੋਦਿਆ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਜੀ. ਅਨੁਪਮਾ, ਵਿਕਾਸ ਅਤੇ ਪੰਚਾਇਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਵਿਜੇਂਦਰ ਕੁਮਾਰ, ਡਾਇਰੈਕਟਰ ਸ੍ਰੀ ਅਨੀਸ਼ ਯਾਦਵ, ਮੁੱਖ ਮੰਤਰੀ ਦੇ ਉਪ ਪ੍ਰਧਾਨ ਸਕੱਤਰ ਸ੍ਰੀ ਯਸ਼ਪਾਲ ਯਾਦਵ ਅਤੇ ਪੰਚਾਇਤ ਅਤੇ ਵਿਕਾਸ ਵਿਭਾਗ ਦੇ ਵਧੀਕ ਡਾਇਰੈਕਟਰ ਸ੍ਰੀ ਆਸ਼ੂਤੋਸ਼ ਰਾਜਨ ਵੀ ਮੌਜੂਦ ਸਨ।

# ਲੋਕਤੰਤਰੀ ਸੰਸਥਾਵਾਂ ਨੂੰ ਮਜਬੂਤ ਬਣਾਉਣ ਦਾ ਪ੍ਰਭਾਵੀ ਮੰਚ ਹੈ ਸੀਪੀਏ ਸੰਮੇਲਨ - ਉਪਸਭਾਪਤੀ ਹਰਿਵੰਸ਼

**ਭਵਿੱਖ ਦੀਆਂ ਚੁਣੌਤੀਆਂ 'ਤੇ ਸਾਰਥਕ ਵਿਚਾਰ-ਵਟਾਂਦਰੇ ਦਾ ਪ੍ਰਭਾਵੀ ਮੰਚ ਸਾਬਤ ਹੋਇਆ - ਸਪੀਕਰ ਹਰਵਿੰਦਰ ਕਲਿਆਣ**




ਪੰਚਕੂਲਾ , 9 ਜੂਨ (ਪ੍ਰਤੀਨਿਧੀ) : ਰਾਜਸਭਾ ਦੇ ਉਪਸਭਾਪਤੀ ਸ੍ਰੀ ਹਰਿਵੰਸ਼ ਨੇ ਕਿਹਾ ਕਿ ਲੋਕਸਭਾ ਸਪੀਕਰ ਸ੍ਰੀ ਓਮ ਬਿਰਲਾ ਦੀ ਅਗਵਾਈ ਹੇਠ ਦੇਸ਼ ਭਰ ਦੇ ਜਨਪ੍ਰਤੀਨਿਧਾਂ ਵਿਚਕਾਰ ਸੰਵਾਦ, ਸਹਿਯੋਗ ਅਤੇ ਗਿਆਨ ਦੇ ਆਦਾਨ-ਪ੍ਰਦਾਨ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਸੰਸਦੀ ਸੰਮੇਲਨਾਂ ਅਤੇ ਖੇਤਰੀ ਮੰਚਾਂ ਰਾਹੀਂ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੇ ਮੈਂਬਰਾਂ ਨੂੰ ਸਰਵੋਤਮ ਕਾਰਜ ਪ੍ਰਣਾਲੀਆਂ ਦਾ ਆਦਾਨ-ਪ੍ਰਦਾਨ ਕਰਨ, ਰਾਸ਼ਟਰੀ ਚੁਣੌਤੀਆਂ 'ਤੇ ਚਰਚਾ ਕਰਨ ਅਤੇ ਲੋਕਤੰਤਰੀ ਸੰਸਥਾਵਾਂ ਨੂੰ ਮਜ਼ਬੂਤ ਬਣਾਉਣ ਲਈ ਸਮੂਹਿਕ ਤੌਰ 'ਤੇ ਕੰਮ ਕਰਨ ਦਾ ਮਹੱਤਵਪੂਰਨ ਮੌਕਾ ਪ੍ਰਾਪਤ ਹੁੰਦਾ ਹੈ। ਇਸੇ ਕੜੀ ਦੇ ਤਹਿਤ ਰਾਸ਼ਟਰਮੰਡਲ ਸੰਸਦੀ ਸੰਘ (ਸੀਪੀਏ) ਇੰਡੀਆ ਰੀਜ਼ਨ ਜ਼ੋਨ-99 ਸੰਮੇਲਨ ਦਾ ਆਯੋਜਨ ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨ ਸਭਾ ਦੀ ਸਰਪ੍ਰਸਤੀ ਹੇਠ ਕੀਤਾ ਗਿਆ। ਇਹ ਗੱਲ ਰਾਜਸਭਾ ਦੇ ਉਪਸਭਾਪਤੀ ਸ੍ਰੀ ਹਰਿਵੰਸ਼ ਨੇ ਚੰਡੀਗੜ੍ਹ ਵਿੱਚ ਆਯੋਜਿਤ ਪ੍ਰੈਸ ਕਾਨਫਰੰਸ ਨੂੰ ਸੰਬੋਧਿਤ ਕਰਦਿਆਂ ਕਹੀ। ਸ੍ਰੀ ਹਰਿਵੰਸ਼ ਨੇ ਕਿਹਾ ਕਿ ਦੋ ਦਿਨਾਂ ਸੰਮੇਲਨ ਵਿੱਚ ਲਗਭਗ 40 ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ। ਵੱਖ-ਵੱਖ ਰਾਜਨੀਤਿਕ ਪਾਰਟੀਆਂ ਅਤੇ ਵਿਚਾਰਧਾਰਕ ਪਿਛੋਕੜਾਂ ਨਾਲ ਜੁੜੇ ਪ੍ਰਤੀਨਿਧਾਂ ਨੇ ਸਾਂਝੇ ਉਦੇਸ਼ ਨਾਲ ਚਰਚਾ ਕੀਤੀ ਅਤੇ ਕਈ ਮਹੱਤਵਪੂਰਨ ਮਤੇ ਸਰਵਸੰਮਤੀ ਨਾਲ ਪ੍ਰਵਾਨ ਕੀਤੇ। ਸ੍ਰੀ ਹਰਿਵੰਸ਼ ਨੇ ਕਿਹਾ ਕਿ ਰਾਸ਼ਟਰਮੰਡਲ ਸੰਸਦੀ ਸੰਘ ਅਤੇ ਹੋਰ ਸੰਸਦੀ ਮੰਚਾਂ 'ਤੇ ਲਏ ਗਏ ਫੈਸਲਿਆਂ ਦੀ ਨਿਯਮਿਤ ਸਮੀਖਿਆ ਕੀਤੀ ਜਾਂਦੀ ਹੈ, ਤਾਂ ਜੋ ਉਨ੍ਹਾਂ ਦੀ ਪ੍ਰਗਤੀ ਦਾ ਮੁਲਾਂਕਣ ਕੀਤਾ ਜਾ ਸਕੇ ਅਤੇ ਪ੍ਰਭਾਵੀ ਅਮਲ ਯਕੀਨੀ ਬਣਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਲੋਕਸਭਾ ਸਪੀਕਰ ਸ੍ਰੀ ਓਮ ਬਿਰਲਾ ਦੇ ਮਾਰਗਦਰਸ਼ਨ ਵਿੱਚ ਹਾਲ ਹੀ ਦੇ ਸਾਲਾਂ ਵਿੱਚ ਸੰਸਦੀ ਸੰਮੇਲਨਾਂ ਅਤੇ ਵਿਧਾਈ ਸੰਵਾਦਾਂ ਨੂੰ ਵਧੇਰੇ ਪ੍ਰਭਾਵੀ ਅਤੇ ਨਤੀਜਾ ਮੁਖੀ ਬਣਾਉਣ ਲਈ ਮਹੱਤਵਪੂਰਨ ਯਤਨ ਕੀਤੇ ਗਏ ਹਨ। ਦੇਸ਼ ਵਿੱਚ ਲਗਭਗ 5 ਹਜ਼ਾਰ ਜਨਪ੍ਰਤੀਨਿਧ ਹਨ, ਜਿਨ੍ਹਾਂ ਵਿੱਚ ਸੰਸਦ ਮੈਂਬਰ, ਵਿਧਾਇਕ ਅਤੇ ਵਿਧਾਨ ਪਰਿਸ਼ਦ ਦੇ ਮੈਂਬਰ ਸ਼ਾਮਲ ਹਨ। ਜਿਨ੍ਹਾਂ ਵਿਚਕਾਰ ਸੰਵਾਦ ਅਤੇ ਸਹਿਯੋਗ ਨੂੰ ਹੁਲਾਰਾ ਦੇਣ ਦੀ ਦਿਸ਼ਾ ਵਿੱਚ ਸ਼ਲਾਘਾਯੋਗ ਕੰਮ ਹੋਇਆ ਹੈ। ਏਆਈ ਦੇ ਵਿਸ਼ੇ 'ਤੇ ਉਪਸਭਾਪਤੀ ਸ੍ਰੀ ਹਰਿਵੰਸ਼ ਨੇ ਕਿਹਾ ਕਿ ਨਵੀਆਂ ਤਕਨਾਲੋਜੀਆਂ ਨਾਲ ਜੁੜੀਆਂ ਸੰਭਾਵਨਾਵਾਂ ਅਤੇ ਚੁਣੌਤੀਆਂ 'ਤੇ ਵਿਆਪਕ ਚਰਚਾ ਹੋਈ ਹੈ। ਵਿਧਾਈ ਸੰਸਥਾਵਾਂ ਅਤੇ ਪ੍ਰਸ਼ਾਸਨ ਵਿੱਚ ਏਆਈ ਅਤੇ ਹੋਰ ਤਕਨੀਕਾਂ ਦੀ ਹਾਂਪੱਖੀ ਵਰਤੋਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਇਸ ਮੌਕੇ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਨੇ ਕਿਹਾ ਕਿ ਦੋ ਦਿਨਾਂ ਸੰਮੇਲਨ ਲੋਕਤੰਤਰੀ ਸੰਸਥਾਵਾਂ ਨੂੰ ਸਸ਼ਕਤ ਬਣਾਉਣ, ਵਿਕਸਿਤ ਭਾਰਤ-2047 ਦੇ ਟੀਚੇ ਨੂੰ ਸਾਕਾਰ ਕਰਨ ਅਤੇ ਭਵਿੱਖ ਦੀਆਂ ਚੁਣੌਤੀਆਂ 'ਤੇ ਸਾਰਥਕ ਵਿਚਾਰ-ਵਟਾਂਦਰੇ ਦਾ ਪ੍ਰਭਾਵੀ ਮੰਚ ਸਾਬਤ ਹੋਇਆ। ਉਨ੍ਹਾਂ ਕਿਹਾ ਕਿ ਵੱਖ-ਵੱਖ ਰਾਜਨੀਤਿਕ ਪਾਰਟੀਆਂ ਅਤੇ ਵਿਚਾਰਧਾਰਾਵਾਂ ਨਾਲ ਜੁੜੇ ਜਨਪ੍ਰਤੀਨਿਧਾਂ ਵਿਚਕਾਰ ਸੰਵਾਦ ਲੋਕਤੰਤਰ ਨੂੰ ਮਜ਼ਬੂਤ ਕਰਨ ਅਤੇ ਲੋਕ ਹਿੱਤ ਦੇ ਮੁੱਦਿਆਂ 'ਤੇ ਸਾਂਝਾ ਦ੍ਰਿਸ਼ਟੀਕੋਣ ਵਿਕਸਿਤ ਕਰਨ ਵਿੱਚ ਸਹਾਇਕ ਹੋਇਆ ਹੈ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬਜ਼ੁਰਗਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕੀਤਾ : ਰੇਣੂ ਬਾਲਾ ਗੁਪਤਾ

**➢ ਸੋਮਨਾਥ ਸਵਾਭੀਮਾਨ ਪਰਵ: ਕਰਨਾਲ ਤੋਂ ਸੋਮਨਾਥ ਮੰਦਰ ਲਈ 90 ਸ਼ਰਧਾਲੂ ਰਵਾਨਾ ➢ ਮੇਅਰ ਰੇਣੂ ਬਾਲਾ ਗੁਪਤਾ ਅਤੇ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਲਾਠਰ ਨੇ ਵਿਸ਼ੇਸ਼ ਰੇਲਗੱਡੀ ਨੂੰ ਹਰੀ ਝੰਡੀ ਦਿਖਾਈ**




ਕਰਨਾਲ, 9 ਜੂਨ (ਪ੍ਰਤੀਨਿਧੀ) : ਮੇਅਰ ਰੇਣੂ ਬਾਲਾ ਗੁਪਤਾ ਅਤੇ ਭਾਜਪਾ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਲਾਠਰ ਨੇ ਅੱਜ ਸੋਮਨਾਥ ਸਵਾਭੀਮਾਨ ਪਰਵ ਦੇ ਹਿੱਸੇ ਵਜੋਂ ਸੋਮਨਾਥ ਮੰਦਰ ਦੇ ਦਰਸ਼ਨ ਕਰਨ ਜਾ ਰਹੇ ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀ ਇੱਕ ਵਿਸ਼ੇਸ਼ ਏਸੀ ਰੇਲਗੱਡੀ ਨੂੰ ਹਰੀ ਝੰਡੀ ਦਿਖਾਈ। ਸੋਮਨਾਥ ਸਵਾਭਿਮਾਨ ਪਰਵ ਦੇ ਹਿੱਸੇ ਵਜੋਂ ਇਸ ਵਿਸ਼ੇਸ਼ ਏਅਰ-ਕੰਡੀਸ਼ਨਡ (ਏਸੀ) ਰੇਲਗੱਡੀ 'ਤੇ ਹਰਿਆਣਾ ਤੋਂ ਕੁੱਲ 1,100 ਸ਼ਰਧਾਲੂ, ਜਿਨ੍ਹਾਂ ਵਿੱਚੋਂ 90 ਕਰਨਾਲ ਜ਼ਿਲ੍ਹੇ ਦੇ ਹਨ, ਗੁਜਰਾਤ ਦੇ ਸੋਮਨਾਥ ਮੰਦਰ ਦੇ ਦਰਸ਼ਨ ਕਰਨ ਲਈ ਯਾਤਰਾ ਕਰ ਰਹੇ ਹਨ। ਯਾਤਰਾ ਦਾ ਅਧਿਕਾਰਤ ਤੌਰ 'ਤੇ ਉਦਘਾਟਨ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕੀਤਾ, ਜਿਨ੍ਹਾਂ ਨੇ ਕੁਰੂਕਸ਼ੇਤਰ ਤੋਂ ਰੇਲਗੱਡੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸਾਰੇ ਸ਼ਰਧਾਲੂ ਖੁਸ਼ੀ ਨਾਲ ਝੂਮ ਰਹੇ ਸਨ ਕਿਉਂਕਿ ਉਨ੍ਹਾਂ ਨੇ ਧਾਰਮਿਕ ਭਜਨਾਂ ਅਤੇ ÷ਹਰ ਹਰ ਮਹਾਦੇਵ÷ ਦੇ ਜੈਕਾਰਿਆਂ ਨਾਲ ਆਪਣੀ ਯਾਤਰਾ ਸ਼ੁਰੂ ਕੀਤੀ। ਮੇਅਰ ਰੇਣੂ ਬਾਲਾ ਗੁਪਤਾ ਨੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸਮਾਜ ਦੇ ਹਰ ਵਰਗ ਦੀਆਂ ਉਮੀਦਾਂ ਨੂੰ ਪੂਰਾ ਕਰ ਰਹੇ ਹਨ ਅਤੇ ਰਾਜ ਦੇ ਵਿਕਾਸ ਅਤੇ ਬੁਨਿਆਦੀ ਢਾਂਚੇ ਨੂੰ ਲਗਾਤਾਰ ਅੱਗੇ ਵਧਾ ਰਹੇ ਹਨ। ਮੁੱਖ ਮੰਤਰੀ ਨੇ ਸਾਡੇ ਬਜ਼ੁਰਗਾਂ ਨੂੰ ਯਾਤਰਾ ਕਰਨ ਦੀ ਉਨ੍ਹਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਕੇ ਇੱਕ ਮਹੱਤਵਪੂਰਨ ਤੋਹਫ਼ਾ ਦਿੱਤਾ ਹੈ। ਇਨ੍ਹਾਂ ਸਾਰੇ ਸ਼ਰਧਾਲੂਆਂ ਨੂੰ ਸੋਮਨਾਥ ਮੰਦਰ ਦੇ ਸ਼ਾਨਦਾਰ ਦਰਸ਼ਨ ਹੋਣਗੇ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਰਾਜ ਸਰਕਾਰ ਨੇ ਏਸੀ ਰੇਲਗੱਡੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਯਾਤਰੀਆਂ ਨੂੰ ਤੇਜ਼ ਗਰਮੀ ਕਾਰਨ ਕੋਈ ਅਸੁਵਿਧਾ ਨਾ ਹੋਵੇ। ਇਸ ਤੋਂ ਇਲਾਵਾ, ਸ਼ਰਧਾਲੂਆਂ ਦੇ ਰਹਿਣ-ਸਹਿਣ, ਖਾਣੇ ਅਤੇ ਆਸਾਨ ਦਰਸ਼ਨਾਂ ਲਈ ਢੁਕਵੇਂ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਭਾਜਪਾ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਲਾਠਰ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਸੂਬਾ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਭਲਾਈ ਯੋਜਨਾ ਨੂੰ ਸ਼ੁਰੂ ਕਰਕੇ, ਸਰਕਾਰ ਨੇ ਬਜ਼ੁਰਗਾਂ ਦਾ ਸਨਮਾਨ ਕੀਤਾ ਹੈ ਅਤੇ ਉਨ੍ਹਾਂ ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਯਾਤਰਾ ਵਿੱਚ ਰਾਜ ਭਰ ਤੋਂ 1,100 ਸ਼ਰਧਾਲੂ ਅਤੇ ਇਕੱਲੇ ਕਰਨਾਲ ਤੋਂ 90 ਸ਼ਰਧਾਲੂ ਸ਼ਾਮਲ ਹਨ, ਜੋ ਸੋਮਨਾਥ ਜਯੋਤਿਰਲਿੰਗ ਦੇ ਦਰਸ਼ਨ ਕਰਨ ਦਾ ਪਵਿੱਤਰ ਆਸ਼ੀਰਵਾਦ ਪ੍ਰਾਪਤ ਕਰਨਗੇ। ਬਜ਼ੁਰਗਾਂ ਲਈ ਇੱਕ ਬਹੁਤ ਹੀ ਸ਼ਲਾਘਾਯੋਗ ਯੋਜਨਾ, ਸਰਕਾਰ ਨੇ ਸਾਡੇ ਸੁਪਨੇ ਨੂੰ ਸਾਕਾਰ ਕੀਤਾ ਹੈ: ਯਾਤਰਾ 'ਤੇ ਨਿਕਲਣ ਵਾਲੇ ਸ਼ਰਧਾਲੂਆਂ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅਤੇ ਹਰਿਆਣਾ ਸਰਕਾਰ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਉਨ੍ਹਾਂ ਦੀਆਂ ਚਿੰਤਾਵਾਂ ਸੁਣੀਆਂ ਹਨ। ਸਰਕਾਰ ਦੁਆਰਾ ਲਾਗੂ ਕੀਤੀ ਜਾ ਰਹੀ ਇਹ ਯੋਜਨਾ ਸੱਚਮੁੱਚ ਸ਼ਾਨਦਾਰ ਅਤੇ ਸ਼ਲਾਘਾਯੋਗ ਹੈ। ਤੇਜ਼ ਗਰਮੀ ਵਿੱਚ ਏਸੀ ਰੇਲਗੱਡੀ ਦਾ ਪ੍ਰਬੰਧ ਕਰਨਾ ਅਤੇ ਖਾਣੇ ਅਤੇ ਰਿਹਾਇਸ਼ ਦੀ ਪੂਰੀ ਜ਼ਿੰਮੇਵਾਰੀ ਲੈਣਾ ਦਰਸਾਉਂਦਾ ਹੈ ਕਿ ਸਰਕਾਰ ਬਜ਼ੁਰਗਾਂ ਨਾਲ ਪਰਿਵਾਰਕ ਮੈਂਬਰਾਂ ਵਾਂਗ ਪੇਸ਼ ਆਉਂਦੀ ਹੈ। ਸਾਰਿਆਂ ਨੇ ਸ਼ਾਨਦਾਰ ਪ੍ਰਬੰਧਾਂ ਲਈ ਸੂਬਾ ਸਰਕਾਰ ਅਤੇ ਮੁੱਖ ਮੰਤਰੀ ਦਾ ਧੰਨਵਾਦ ਕੀਤਾ।

ਮੁੱਖ ਮੰਤਰੀ ਦੀ ਅਗਵਾਈ ਹੇਠ, ਸ਼ਰਧਾਲੂਆਂ ਨੇ ਅਯੁੱਧਿਆ ਅਤੇ ਹਜ਼ੂਰ ਸਾਹਿਬ ਦਾ ਵੀ ਦੌਰਾ ਕੀਤਾ ਹੈ: ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਯੋਗ ਅਗਵਾਈ ਹੇਠ, ਹਰਿਆਣਾ ਸਰਕਾਰ ਰਾਜ ਦੇ ਬਜ਼ੁਰਗਾਂ ਲਈ ਵੱਖ-ਵੱਖ ਧਾਰਮਿਕ ਸਥਾਨਾਂ ਦੀ ਮੁਫ਼ਤ ਯਾਤਰਾ ਲਗਾਤਾਰ ਪ੍ਰਦਾਨ ਕਰ ਰਹੀ ਹੈ।

ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੇ ਤਹਿਤ, ਨਾ ਸਿਰਫ ਸੋਮਨਾਥ ਮੰਦਰ, ਬਲਕਿ ਵੱਡੀ ਗਿਣਤੀ ਵਿੱਚ ਬਜ਼ੁਰਗਾਂ ਨੂੰ ਪਹਿਲਾਂ ਵੀ ਅਯੁੱਧਿਆ ਵਿੱਚ ਭਗਵਾਨ ਸ਼੍ਰੀ ਰਾਮ ਲੱਲਾ ਅਤੇ ਨਾਂਦੇੜ ਵਿੱਚ ਪਵਿੱਤਰ ਸ਼੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਲਈ ਲਿਜਾਇਆ ਗਿਆ ਹੈ। ਸਰਕਾਰ ਦਾ ਮੁੱਖ ਉਦੇਸ਼ ਰਾਜ ਦੇ 60 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਧਾਰਮਿਕ ਯਾਤਰਾਵਾਂ ਦਾ ਲਾਭ ਪ੍ਰਦਾਨ ਕਰਨਾ ਹੈ। ਮੁੱਖ ਮੰਤਰੀ ਦਾ ਇਹ ਵਿਸ਼ੇਸ਼ ਯਤਨ ਬਜ਼ੁਰਗਾਂ ਨੂੰ ਸਮਾਜ ਵਿੱਚ ਵਧੇਰੇ ਸਤਿਕਾਰ ਅਤੇ ਸਨਮਾਨ ਦੇ ਰਿਹਾ ਹੈ।

# ਭਾਜਪਾ ਸਰਕਾਰ ਦੀ ਅਗਵਾਈ ਹੇਠ ਰਿਕਾਰਡ ਤੋੜ ਵਿਕਾਸ ਹੋ ਰਿਹਾ : ਭਗਵਾਨਦਾਸ ਕਬੀਰਪੰਥੀ

**ਵਿਧਾਇਕ ਕਬੀਰਪੰਥੀ ਨੇ ਤਾਰਾਵੜੀ ਵਿੱਚ ਅੰਜੰਤਲੀ ਰੋਡ 'ਤੇ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ**

ਤਾਰਾਵੜੀ, 9 ਜੂਨ (ਪ੍ਰਤੀਨਿਧੀ) : ਸਰਕਾਰ ਪੇਂਡੂ ਖੇਤਰਾਂ ਵਿੱਚ ਕਿਸਾਨਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸ ਸਬੰਧ ਵਿੱਚ, ਮੁੱਖ ਮੰਤਰੀ ਕਿਸਾਨ ਖੇਤ ਸੜਕ ਯੋਜਨਾ ਤਹਿਤ ਤਾਰਾਵੜੀ ਵਿੱਚ ਦੋ ਮਹੱਤਵਪੂਰਨ ਪੇਂਡੂ ਸੜਕਾਂ ਦੇ ਨਿਰਮਾਣ ਲਈ ਨੀਂਹ ਪੱਥਰ ਰੱਖਿਆ ਗਿਆ। ਇਸ ਸਮਾਗਮ ਵਿੱਚ ਵਿਧਾਇਕ ਭਗਵਾਨਦਾਸ ਕਬੀਰਪੰਥੀ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਇਸ ਯੋਜਨਾ ਤਹਿਤ, ਅੰਜੰਤਲੀ ਰੋਡ 'ਤੇ ਕਿਸਾਨਾਂ ਵਿਕਾਸ ਚੌਧਰੀ ਅਤੇ ਪ੍ਰਿਥਵੀ ਸਿੰਘ ਚੌਧਰੀ ਦੇ ਖੇਤਾਂ ਨੂੰ ਜਾਣ ਵਾਲੀ ਸੜਕ ਅਤੇ ਰਾਮ ਸਿੰਘ ਚੌਧਰੀ ਦੇ ਖੇਤਾਂ ਨੂੰ ਜਾਣ ਵਾਲੀ ਸੜਕ ਬਣਾਈ ਜਾਵੇਗੀ।



ਦੋਵਾਂ ਪ੍ਰੋਜੈਕਟਾਂ 'ਤੇ ਲਗਭਗ ?83 ਲੱਖ ਦੀ ਲਾਗਤ ਆਵੇਗੀ। ਨੀਂਹ ਪੱਥਰ ਸਮਾਗਮ ਨੂੰ ਸੰਬੋਧਨ ਕਰਦਿਆਂ ਵਿਧਾਇਕ ਭਗਵਾਨਦਾਸ ਕਬੀਰਪੰਥੀ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਦੇ ਵਿਕਾਸ ਅਤੇ ਉਨ੍ਹਾਂ ਦੀਆਂ ਸਹੂਲਤਾਂ ਨੂੰ ਵਧਾਉਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਖੇਤਾਂ ਤੱਕ ਪੱਕੀਆਂ ਸੜਕਾਂ ਦੇ ਨਿਰਮਾਣ ਨਾਲ ਕਿਸਾਨਾਂ ਤੱਕ ਖੇਤੀਬਾੜੀ ਉਪਕਰਣ, ਖਾਦ, ਬੀਜ ਅਤੇ ਫਸਲਾਂ ਦੀ ਢੋਆ-ਢੁਆਈ ਵਿੱਚ ਬਹੁਤ ਸਹੂਲਤ ਮਿਲੇਗੀ। ਇਸ ਨਾਲ ਬਰਸਾਤ ਦੇ ਮੌਸਮ ਦੌਰਾਨ ਆਉਣ ਵਾਲੀਆਂ ਮੁਸ਼ਕਲਾਂ ਤੋਂ ਵੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਕਿਸਾਨਾਂ ਨੂੰ ਸਸ਼ਕਤ ਬਣਾਉਣ ਲਈ ਲਗਾਤਾਰ ਨਵੀਆਂ ਯੋਜਨਾਵਾਂ ਲਾਗੂ ਕਰ ਰਹੀ ਹੈ। ਪੇਂਡੂ ਖੇਤਰਾਂ ਵਿੱਚ ਸੜਕਾਂ, ਬਿਜਲੀ, ਸਿੰਚਾਈ ਅਤੇ ਹੋਰ ਬੁਨਿਆਦੀ ਢਾਂਚੇ ਦੇ ਵਿਸਥਾਰ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਕੋਈ ਅਸੁਵਿਧਾ ਨਾ ਹੋਵੇ।

Printed, Published & Editied by Jaskirat Singh on behalf of Charhdikala Printing Press Pvt. Ltd. Patiala & Printed at I.G. Printers Press Pvt. Ltd., 104 D.S.I.D.C. Complex, Okhla Indl. Area, Phase-1, New Delhi Keeper Jagpal Singh Published at office of Daily Charhdikala 202, INS Bldg, Rafi Marg, New Delhi.
PRGI (RNI) Regd. No. 57283/1994 -Editor: Jaskirat Singh

ਜਸਕੀਰਤ ਸਿੰਘ ਐਡੀਟਰ, ਪ੍ਰਿੰਟਰ, ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਆਈ.ਜੀ. ਪ੍ਰਿੰਟਰਜ਼ ਪ੍ਰੈਸ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ.ਡੀ.ਸੀ. ਕੰਪਲੈਕਸ, ਔਖਲਾ ਇੰਡਸਟ੍ਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ 202, ਆਈ.ਐਨ.ਐਸ. ਬਿਲਡਿੰਗ, ਰਫੀ ਮਾਰਗ, ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ।
PRGI (RNI) Regd. No. 57283/1994 -ਸੰਪਾਦਕ: ਜਸਕੀਰਤ ਸਿੰਘ

# ਸਾਹਿਤਕ ਪੰਨਾ

## ਕਾਵਿ ਕਿਆਰੀ

### ਐ ਜੱਗ ਜਣਨੀ


ਰਾਜਨਦੀਪ ਕੌਰ ਮਾਨ
6239326166

ਭਾਵੇਂ ਤੈਨੂੰ ਜੰਮਣ ਵਾਲੇ,
ਬੋਝ ਸਮਝਦੇ ਰਹੇ ਤੈਨੂੰ।
ਪੱਥਰ ਵਰਗੇ ਨਾਵਾਂ ਦੇ ਨਾਲ,
ਰਹੇ ਤ੍ਰਿਸਕਾਰਦੇ ਤੈਨੂੰ।

ਧੰਨ ਬਿਗਾਨਾ ਤੇ ਰੂੜੀ ਦਾ ਕੂੜਾ,
ਲੇਬਲ ਮਿਲ ਗਏ ਚੰਗੇ।
ਪਰ ਤੂੰ ਫਿਰ ਵੀ ਡੋਲ ਨਾ ਅੜੀਏ,
ਤਰਸ ਕਿਉ ਤੂੰ ਮੰਗੇ।

ਹੋਇਆ ਕੀ ਜੇ ਜਨਮ ਤੂੰ ਸਾਰਾ,
ਉਹਨਾਂ ਦੇ ਲੇਖੇ ਲਾਇਆ।
ਕਿ ਜਿੰਨਾ ਤੈਨੂੰ ਸਦਾ ਬਿਗਾਨੀ ,
ਧੀ ਕਹਿ ਕੇ ਬੁਲਾਇਆ।

ਕਦੇ ਬਾਪ ਤੇ ਕਦੇ ਵੀਰ ਦਾ,
ਹੁਕਮ ਤੇਰੇ ਤੇ ਚਲੇ।
ਫੇਰ ਪਤੀ ਤੇ ਬੇਟੇ ਨੇ ਵੀ,
ਲਾ ਕੇ ਰੱਖਿਆ ਥੱਲੇ।

ਖੂੰਜੇ ਦੇ ਇਕ ਕੂੜਾਦਾਨ ਜਿਹੀ,
ਸੀ ਜਿੰਦਗੀ ਬਦਤਰ ਤੇਰੀ।
ਪਾ ਵਿੱਦਿਆ ਦਾ ਗਹਿਣਾ ਫਿਰ,
ਤਕਦੀਰ ਬਦਲ ਗਈ ਤੇਰੀ।

ਹਾਲੇ ਵੀ ਨੇ ਬੜੀਆਂ ਰੋਕਾਂ,
ਤੈਨੂੰ ਰੋਕਣ ਦੇ ਲਈ।
ਹਾਲੇ ਵੀ ਨੇ ਮਾੜੀਆਂ ਸੋਚਾਂ,
ਤੈਨੂੰ ਜਕੜਨ ਦੇ ਲਈ।

ਪਰ ਤੂੰ ਬਣ ਜਾ ,
ਹੁਣ ਪਰਬਤ ਜਿਹੀ।
ਰੋਕ ਸਕੇ ਨਾ ਕੋਈ।
ਦੁਰਗਾ ਬਣ ਮੈਦਾਨ ਸਾਂਭ ਹੁਣ,
ਪਾੜ ਜੁਲਮ ਦੀ ਲੋਈ।

## ਆਓ ਕਰੀਏ ਗੌਰ

ਤੇਲ ਵੇਖੇ ਜੋ ਤੇਲ ਦੀ ਧਾਰ ਵੇਖੇ,
ਸਿਆਣਾ ਹੁੰਦਾ ਹੈ ਓਹੀ ਇਨਸਾਨ ਲੋਕੋ।
ਜੰਤਾ ਦੇ ਦੁੱਖ-ਸੁੱਖ ਨੂੰ ਆਪਣਾ ਸਮਝਦਾ ਜੋ,
ਰਾਜਾ ਦੁਨੀਆਂ ਚ ਹੁੰਦਾ ਮਹਾਨ ਲੋਕੋ।
ਵਿਦਵਾਨਾਂ ਦੀ ਦਿੱਤੀ ਸਿੱਖਿਆ ਜੋ ਵਸਾਏ ਹਿਰਦੇ,
ਹੁੰਦਾ ਸਾਰੀ ਦੁਨੀਆਂ ਚੋਂ ਓਹ ਵਿਦਵਾਨ ਲੋਕੋ।
ਰਾਜਾ ਹੋ ਕੇ ਜੋ ਜੰਤਾ ਦੇ ਵਿੱਚ ਵਿਚਰੇ,
ਲੁਕਾਈ ਸਮਝਦੀ ਉਸ ਨੂੰ ਭਗਵਾਨ ਲੋਕੋ।
ਇਸਾਰਾ ਸਿਆਣੇ ਨੂੰ ਕਾਫੀ ਹੀ ਇੱਕ ਹੁੰਦਾ,
ਗੌਰ ਕਰਨ ਦੀ ਹੁੰਦੀ ਹੈ ਲੋੜ ਭਾਈ।
ਦੱਦਾਹੂਰੀਆ ਜੇ ਨਿਸਾਨੇ ਤੇ ਤੀਰ ਵੱਜੇ,
ਪੈ ਜਾਣਾ ਹੈ ਆਪੇ ਹੀ ਮੋੜ ਭਾਈ।

ਜਸਵੀਰ ਸਰਮਾਂ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
95691-49556

## ਸੁਰਜੀਤ ਬੈਂਸ ਦੀਆਂ ਦੋ ਕਵਿਤਾਵਾਂ

### ਸੁਰਜੀਤ ਕੁਰੇ



ਸੁਰਜੀਤ ਕੁਰੇ, ਦੱਸ ਤੂੰ ਕਿਉਂ ਮਰਨਾ ?
ਮਰਨ ਜਿਨ੍ਹਾਂ ਨੂੰ ਮੋਹ ਨਹੀਂ ਏ।
ਝੂਠ ਨਾਲ ਵਿਦਰੋਹ ਨਹੀਂ ਏ।
ਸੱਚ ਲਈ ਸੀਨੇ ਖੋਹ ਨਹੀਂ ਏ।
ਸੁਰਜੀਤ ਕੁਰੇ ਦੱਸ ਤੂੰ ਕਿਉਂ ਮਰਨਾ
ਹਰ ਸੁਫ਼ਨੇ ਸੰਗ ਰੀਝ ਪਰੋਈ।
ਹਾਸੇ ਅੰਦਰ ਚੀਸ ਲੁਕੋਈ।
ਹਰ ਇੱਕ ਸਾਹ ਵਿੱਚ ਆਸ ਸਮੋਈ।
ਸੁਰਜੀਤ ਕੁਰੇ੩
ਦੋਸਤੀਆਂ ਦੀ ਬਰਕਤ ਹਾਲੇ।
ਖ਼ੁਸ਼ੀਆਂ ਗ਼ਮੀਆਂ ਆਲ ਦੁਆਲੇ।
ਹਾਲੇ ਰੌਣਕ ਮੈਨੂੰ ਈ ਭਾਲੇ।
ਸੁਰਜੀਤ ਕੁਰੇ੩
ਹੱਸਦਿਆਂ ਭਾਵੇਂ ਸਾਹ ਸੁੱਕ ਜਾਵੇ
ਗੱਲਾਂ ਕਰਦਿਆਂ ਰਾਹ ਮੁੱਕ ਜਾਵੇ
ਚੱਲਣ ਸਾਹ ਘੜੀ ਰੁਕ ਜਾਵੇ।
ਸੁਰਜੀਤ ਕੁਰੇ੩
ਮੇਰੇ ਲਈ ਹੈ ਜੀਵਨ ਮੁਕਤੀ।
ਹਰ ਇੱਕ ਪਲ ਹੈ ਵੱਖਰੀ ਯੁਕਤੀ।
ਅਜਬ ਭੁਲੇਖੇ ਤੇ ਗਜ਼ਬ ਦਰੁਸਤੀ।
ਸੁਰਜੀਤ ਕੁਰੇ...।

### ਔਰਤਾਂ

ਝੂਠ ਨਾ ਬੋਲਣ ਔਰਤਾਂ! ਹੋਰ ਕੀ ਬੋਲਣ ਦੱਸ ?
ਜਿਸਮ ਜੇ ਹੋਵੇ ਪਿੰਜਰਾ, ਰੂਹ ਹੋਵੇ ਪਰ ਵੱਸ।
ਪੱਥਰ ਕੁੱਟਣ ਵਾਲੀਏ, ਤੂੰ ਵੀ ਖਾਵੇਂ ਕੁੱਟ ?
ਹੱਥ ਹਥੌੜਾ ਰਿਜ਼ਕ ਦਾ, ਇੰਜ ਨਾ ਦੇਵੀਂ ਸੁੱਟ।
ਇੱਕ ਪਲ ਰਾਂਝਣ ਚਿਤਵਿਆ, ਉਮਰਾਂ ਹੋਈ ਚੋਰ।
ਅੰਦਰ ਝਾਤੀ ਮਾਰੀਏ, ਨੱਚਣ ਕਿੰਨੇ ਮੋਰ।
ਜਿਸਮ ਜੇ ਹੋਵੇ ਪਿੰਜਰਾ ਤੇ ਪਲਕਾਂ ਪਹਿਰੇਦਾਰ।
ਹਾਰ ਸ਼ਿੰਗਾਰ ਹਦਾਇਤਾਂ, ਮੈਂ ਕਿੰਜ ਹੋਵਾਂ ਮੁਟਿਆਰ।
ਦੋ ਜਿਸਮਾਂ ਦੀ ਦੋਸਤੀ, ਜੰਮੀ ਆਦਮ ਜਾਤ।
ਇੱਕ ਤਾਂ ਹੋਇਆ ਸੁਰਖ਼ਰੂ, ਦੂਜੀ ਕਿਉਂ ਕਮਜ਼ਾਤ ?
ਥੁੱਕਣ ਵਾਲੇ ਦੇਵਤੇ ਤੇ ਚੁੱਕਣ ਵਾਲੇ ਨੀਚ ?
ਮੈਂ ਜੀਵਾਂ ਇਸ ਜ਼ੁਲਮ ਨੂੰ ਜੜ੍ਹੋਂ ਉਖਾੜਨ ਤੀਕ।
ਬੰਦਾ ਆਖੇ ਔਰਤੇ, ਆਪਣੀ ਜਾਤ ਪਛਾਣ।
ਜਾਤ ਪਛਾਣੀ ਆਪਣੀ, ਹੋਈ ਮੈਂ ਤੇਰੇ ਹਾਣ।
ਦੋ ਪਹੀਆਂ ਦੀ ਦੋਸਤੀ, ਛਾਬੇ ਝੁਕਣ ਝੁਕਾਉਣ।
ਇਸ਼ਕ ਨਾ ਪੁੱਛੇ ਜਾਤ ਵੇ, ਜਾਤਾਂ ਟਾਂਕੇ ਲਾਉਣ।
ਨਾ ਤੂੰ ਰੁੱਖ ਨਾ ਵੇਲ ਮੈਂ, ਨਾ ਮੈਂ ਅੱਧਾ ਅੰਗ।
ਸਾਹ ਲੈਣ ਦੀ ਵਿੱਥ ਮੈਂ, ਰੱਖਾਂਗੀ ਨਿਸ਼ੰਗ।

ਸੰਪਰਕ: 98037-05226

## ਬੂਟ

ਰੂਸੀ ਕਹਾਣੀ

ਉਸ ਦਿਨ ਨਾਟਕ ਵੇਖਣ ਗਏ ਲੋਕ ਦੱਸਦੇ ਹਨ ਕਿ ਇਕ ਪੀਲੇ ਚਿਹਰੇ ਤੇ ਡਰਾਉਣੀਆਂ ਅੱਖਾਂ ਵਾਲਾ ਆਦਮੀ ਨੰਗੇ ਪੈਰੀਂ ਥੀਏਟਰ ਵਿੱਚੋਂ ਨਿਕਲ ਕੇ ਦੌੜਿਆ ਜਾ ਰਿਹਾ ਸੀ ਅਤੇ ਇਕ ਆਦਮੀ ਹੱਥ ਵਿੱਚ ਰਿਵਾਲਵਰ ਫੜੀ ਉਸ ਦਾ ਪਿੱਛਾ ਕਰ ਰਿਹਾ ਸੀ...

ਮੂਲ
ਐਂਟਨ ਚੈਖ਼ਵ
ਪੰਜਾਬੀ ਰੂਪ
ਡਾ: ਹਰਨੇਕ ਕੈਲੇ



ਪੀਲੇ ਚਿਹਰੇ ਵਾਲਾ ਮੁਰਕਿਨ ਨਾਂ ਦਾ ਆਦਮੀ, ਜਿਸ ਦੇ ਨੱਕ 'ਤੇ ਨਸਵਾਰ ਦਾ ਰੰਗ ਚੜ੍ਹਿਆ ਹੋਇਆ ਸੀ ਤੇ ਕੰਨਾਂ ਵਿੱਚ ਰੂੰ ਦੇ ਫ਼ੰਬੇ ਦਿੱਤੇ ਹੋਏ ਸਨ, ਹੋਟਲ ਦੇ ਕਮਰੇ ਵਿੱਚੋਂ ਨਿਕਲ ਕੇ ਬਰਾਂਡੇ ਵਿੱਚ ਆਇਆ ਅਤੇ ਫ਼ਟਦੀ ਆਵਾਜ਼ ਵਿੱਚ ਬੋਲਿਆ, "ਸੇਮੀਅਨ! ਨੌਕਰ!" ਉਸ ਦੇ ਡਰੇ ਹੋਏ ਚਿਹਰੇ ਤੋਂ ਇਉਂ ਲੱਗਦਾ ਸੀ ਜਿਵੇਂ ਉਸ ਉੱਪਰ ਛੱਤ ਡਿਗ ਪਈ ਹੋਵੇ ਜਾਂ ਉਸ ਨੂੰ ਕਮਰੇ ਵਿੱਚ ਭੂਤ ਦਿਸੇ ਹੋਣ। "ਸੇਮੀਅਨ।" ਉਹ ਨੌਕਰ ਨੂੰ ਆਪਣੇ ਵੱਲ ਦੌੜਦਿਆਂ ਵੇਖ ਕੇ ਚਿੱਲਾਇਆ, "ਇਸ ਦਾ ਕੀ ਮਤਲਵ ਐ ? ਮੈਂ ਗੰਠੀਆ ਪੀੜਤ ਕਮਜ਼ੋਰ ਆਦਮੀ ਆਂ। ਮੇਰੇ ਪੈਰ ਨੰਗੇ ਨੇ। ਤੂੰ ਮੈਨੂੰ ਹਰ ਵੇਲੇ ਬੂਟ ਪਾਉਣ ਲਈ ਕਿਉਂ ਨ੍ਹੀ ਦਿੰਦਾ ? ਮੇਰੇ ਬੂਟ ਕਿੱਥੇ ਨੇ ?" ਸੇਮੀਅਨ ਮੁਰਕਿਨ ਦੇ ਕਮਰੇ ਵਿੱਚ ਗਿਆ ਅਤੇ ਉਸ ਥਾਂ ਵੱਲ ਵੇਖਿਆ ਜਿੱਥੇ ਉਹ ਬੂਟ ਸਾਫ਼ ਕਰਕੇ ਰੱਖਦਾ ਹੁੰਦਾ ਸੀ। ਉਸ ਨੇ ਆਪਣਾ ਸਿਰ ਖੁਰਚਿਆ। ਬੂਟ ਉਥੇ ਨਹੀਂ ਸਨ। "ਬੂਟ ਕਿੱਥੇ ਗਏ ?" ਸੇਮੀਅਨ ਸੋਚਣ ਲੱਗਿਆ, "ਕੱਲ੍ਹ ਮੈਂ ਥੋੜ੍ਹੀ ਜਿਹੀ ਪੀਤੀ ਹੋਈ ਸੀ। ਮੈਂ ਕਿਤੇ ਹੋਰ ਰੱਖ ਦਿੱਤੇ ਹੋਣੇ ਨੇ। ਮੈਂ ਇਹ ਨਾਲ ਦੇ ਅਭਿਨੇਤ੍ਰੀ ਵਾਲੇ ਕਮਰੇ ਵਿੱਚ ਰੱਖ ਆਇਆ ਹੋਊਂਗਾ।" ਉਸ ਨੇ ਮੁਰਕਿਨ ਨੂੰ ਅਭਿਨੇਤ੍ਰੀ ਦੇ ਕਮਰੇ ਵਿੱਚੋਂ ਬੂਟ ਲੈ ਆਉਣ ਲਈ ਆਖਿਆ। ਖੰਘਦੇ ਖੰਘਦੇ ਮੁਰਕਿਨ ਨੇ ਨਾਲ ਦੇ ਕਮਰੇ ਦੇ ਦਰਵਾਜ਼ੇ ਨੂੰ ਹੌਲੀ ਜਿਹੀ ਖੜਕਾਇਆ। "ਕੌਣ ਐਂ ?" ਇੱਕ ਮਿੰਟ ਬਾਅਦ ਅੰਦਰੋਂ ਔਰਤ ਦੀ ਆਵਾਜ਼ ਆਈ। "ਮੈਂ ਆਂ।" ਮੁਰਕਿਨ ਨੇ ਦੁੱਖ ਭਰੀ ਆਵਾਜ਼ ਵਿੱਚ ਗੱਲ ਸ਼ੁਰੂ ਕੀਤੀ, "ਮੈਡਮ, ਮੁਆਫ਼ ਕਰਨਾ ਮੈਂ ਤੁਹਾਨੂੰ ਪ੍ਰੇਸ਼ਾਨ ਕਰ ਰਿਹਾਂ। ਪਰ ਮੇਰੀ ਸਿਹਤ ਕਮਜ਼ੋਰ ਐ ਤੇ ਮੈਂ ਗੰਠੀਏ ਦਾ ਮਰੀਜ਼ ਆਂ। ਡਾਕਟਰ ਨੇ ਮੈਨੂੰ ਸਖ਼ਤ ਹਦਾਇਤ ਦਿੱਤੀ ਐ ਕਿ ਮੈਂ ਕਦੇ ਨੰਗੇ ਪੈਰੀਂ ਨਾ ਰਹਾਂ।" "ਪਰ ਤੂੰ ਚਾਹੁੰਦਾ ਕੀ ਐਂ ?" "ਮੈਡਮ, ਗੱਲ ਇਹ ਐ ਕਿ ਬੁੱਧੂ ਨੌਕਰ ਸੇਮੀਅਨ ਮੇਰੇ ਬੂਟ ਸਾਫ਼ ਕਰਨ ਮਗਰੋਂ ਗਲਤੀ ਨਾਲ ਤੁਹਾਡੇ ਕਮਰੇ ਵਿੱਚ ਰੱਖ ਦਿੱਤੇ। ਕਿਰਪਾ ਕਰਕੇ ਮੈਨੂੰ ਮੇਰੇ ਬੂਟ ਦੇ ਦਿਉ।" ਬਿਸਤਰੇ ਵਿੱਚੋਂ ਉੱਠਣ ਤੇ ਪੈਰਾਂ ਵਿੱਚ ਸਲੀਪਰ ਪਾਉਣ ਦੀ ਸਰਸਰਾਹਟ ਹੋਈ। ਫ਼ਿਰ ਥੋੜ੍ਹਾ ਜਿਹਾ ਦਰਵਾਜ਼ਾ ਖੁੱਲ੍ਹਿਆ ਅਤੇ ਇੱਕ ਗੋਲ-ਮਟੋਲ ਜ਼ਨਾਨੇ ਹੱਥ ਨੇ ਇੱਕ ਬੂਟਾਂ ਦਾ ਜੋੜਾ ਮੁਰਕਿਨ ਦੇ ਪੈਰਾਂ ਵਿੱਚ ਸੁੱਟ ਦਿੱਤਾ। ਮੁਰਕਿਨ ਨੇ ਅਭਿਨੇਤ੍ਰੀ ਦਾ ਧੰਨਵਾਦ ਕੀਤਾ ਅਤੇ ਆਪਣੇ ਕਮਰੇ ਵਿੱਚ ਚਲਿਆ ਗਿਆ। ਆਪਣੇ ਪੈਰਾਂ ਵਿੱਚ ਬੂਟ ਪਾਉਂਦਿਆਂ ਉਹ ਬੁੜਬੁੜ ਕਰਨ ਲੱਗਿਆ, "ਇਹ ਦੋਵੇਂ ਬੂਟ ਤਾਂ ਖੱਬੇ ਪੈਰ ਦੇ ਨੇ। ਸੇਮੀਅਨ, ਇਹ ਬੂਟ ਮੇਰੇ ਨ੍ਹੀ। ਮੇਰੇ ਬੂਟਾਂ 'ਤੇ ਤਾਂ ਲਾਲ ਰੰਗ ਦੇ ਟੈਗ ਲੱਗੇ ਹੋਏ ਨੇ ਤੇ ਇਨ੍ਹਾਂ 'ਤੇ ਕੋਈ ਟੈਗ ਨ੍ਹੀ।" ਸੇਮੀਅਨ ਨੇ ਬੂਟ ਚੁੱਕ ਕੇ ਕਈ ਵਾਰ ਉਲਟ ਪੁਲਟ ਕੀਤੇ। ਫ਼ਿਰ ਉਹ ਟੀਰੀ ਅੱਖ ਨਾਲ ਵੇਖਦਾ ਬੁੜਬੁੜਾਇਆ, "ਇਹ ਪਾਵੇਲ ਦੇ ਬੂਟ ਨੇ।" "ਕੌਣ ਪਾਵੇਲ ?" "ਅਭਿਨੇਤਾ। ਉਹ ਇਥੇ ਹਰ ਮੰਗਲਵਾਰ ਆਉਂਦੈ। ਮੈਂ ਅਭਿਨੇਤ੍ਰੀ ਦੇ ਕਮਰੇ ਵਿੱਚ ਤੇਰਾ ਤੇ ਉਹਦਾ ਦੋਵੇਂ ਜੋੜੇ ਰੱਖ ਦਿੱਤੇ ਹੋਣੇ ਨੇ। ਉਹ ਤੇਰਾ ਪਾ ਕੇ ਚਲਿਆ ਗਿਆ।" "ਫ਼ਿਰ ਜਾ ਕੇ ਬਦਲ ਲਿਆ।" "ਗੱਲ ਤਾਂ ਤੇਰੀ ਠੀਕ ਐ।" ਸੇਮੀਅਨ ਅੰਦਰੋ ਅੰਦਰੀ ਹੱਸਿਆ, "ਪਰ ਮੈਂ ਉਸ ਨੂੰ ਹੁਣ ਲੱਭਾਂ ਕਿੱਥੇ ? ਉਹ ਤਾਂ ਘੰਟਾ ਪਹਿਲਾਂ ਚਲਿਆ ਗਿਆ।" "ਉਹ ਰਹਿੰਦਾ ਕਿੱਥੇ ਐ ?" "ਕੋਈ ਪਤਾ ਨ੍ਹੀ। ਉਹ ਇਥੇ ਹਰ ਮੰਗਲਵਾਰ ਆਉਂਦੈ ਤੇ ਰਾਤ ਰੁਕ ਕੇ ਸਵੇਰੇ ਚਲਿਆ ਜਾਂਦੈ। ਤੈਨੂੰ ਉਸ ਨੂੰ ਆਉਂਦੇ ਮੰਗਲਵਾਰ ਤਕ ਉਡੀਕਣਾ ਪੈਣੈਂ।" "ਮੂਰਖਾ! ਤੂੰ ਇਹ ਕੀ ਕੀਤਾ ? ਹੁਣ ਮੈਂ ਕੀ ਕਰਾਂ ? ਮੇਰੇ ਪੈਰਾਂ ਨੂੰ ਠੰਢ ਲਗਦੀ ਐ।" "ਤੂੰ ਇਸ ਤਰ੍ਹਾਂ ਕਰ। ਇਹ ਬੂਟ ਪਾ ਕੇ ਥੀਏਟਰ ਚਲਿਆ ਜਾਹ। ਉਥੇ ਜਾ ਕੇ ਉਸ ਨੂੰ ਮਿਲ।" "ਪਰ ਇਹ ਦੋਵੇਂ ਬੂਟ ਖੱਬੇ ਪੈਰ ਦੇ ਕਿਉਂ ਨੇ ?" ਮੁਰਕਿਨ ਨੇ ਸਖ਼ਤ ਨਫ਼ਰਤ ਨਾਲ ਬੂਟ ਚੁੱਕਦਿਆਂ ਪੁੱਛਿਆ। "ਜੋ ਉਸ ਨੂੰ ਮਿਲੇ, ਉਸ ਨੇ ਪਾ ਲਏ। ਅਭਿਨੇਤਾ ਬੂਟ ਕਿੱਥੇ ਖ਼ਰੀਦ ਸਕਦੈ ? ਮੈਂ ਉਸ ਨੂੰ ਆਖਿਆ, 'ਪਾਵੇਲ, ਤੇਰੇ ਬੂਟ ਕਿਹੋ ਜਿਹੇ ਨੇ ? ਇਹ ਤਾਂ ਸ਼ਰਮ ਵਾਲੀ ਗੱਲ ਐ। ਤੇ ਉਹ ਆਖਣ ਲੱਗਿਆ, 'ਇਨ੍ਹਾਂ ਬੂਟਾਂ ਨਾਲ ਤਾਂ ਮੈਂ ਰਾਜਿਆਂ ਮਹਾਰਾਜਿਆਂ ਦੀ ਭੂਮਿਕਾ ਨਿਭਾਈ ਐ ।" ਹੌਕੇ ਭਰਦਿਆਂ ਤੇ ਦੁੱਖ ਨਾਲ ਕਰਾਹੁੰਦਿਆਂ ਮੁਰਕਿਨ ਨੇ ਬੂਟ ਆਪਣੇ ਪੈਰਾਂ ਵਿੱਚ ਪਾ ਲਏ ਅਤੇ ਲੰਗੜਾਉਂਦਾ ਤੁਰ ਪਿਆ। ਉਸ ਨੂੰ ਲੱਗਿਆ ਜਿਵੇਂ ਸਾਰੇ ਲੋਕ ਉਸ ਦੇ ਬੂਟਾਂ ਨੂੰ ਹੀ ਵੇਖ ਰਹੇ ਹੋਣ। ਜਦ ਉਹ ਥੀਏਟਰ ਪਹੁੰਚਿਆ, ਤਾਂ ਨਾਟਕ 'ਬਲਿਊਬਿਅਰਡ ਦਾ ਚੌਥਾ ਐਕਟ ਸ਼ੁਰੂ ਹੋਣਾ ਸੀ। ਉਹ ਇੱਕ ਨੌਕਰ ਤੋਂ ਪੁੱਛ ਕੇ ਮਰਦਾਂ ਦੇ ਸ਼ਿੰਗਾਰ ਕਮਰੇ ਵਿੱਚ ਚਲਿਆ ਗਿਆ। ਕੁਝ ਮਰਦ ਅਦਾਕਾਰ ਆਪਣੇ ਕੱਪੜੇ ਬਦਲ ਰਹੇ ਸਨ, ਕੁਝ ਆਪਣੇ ਚਿਹਰਿਆਂ 'ਤੇ ਰੰਗ-ਚਿਤਰ ਬਣਾ ਰਹੇ ਸਨ ਤੁ ਕੁਝ ਹੋਰ ਤੰਬਾਕੂ ਪੀ ਰਹੇ ਸਨ। ਬਲਿਊਬਿਅਰਡ ਰਾਜਾ ਬੋਬੇਸ਼ ਕੋਲ ਖੜ੍ਹਾ ਉਸ ਨੂੰ ਰਿਵਾਲਵਰ ਵਿਖਾ ਰਿਹਾ ਸੀ। "ਤੂੰ ਇਹ ਖ਼ਰੀਦ ਲੈ।" ਬਲਿਊਬਿਅਰਡ ਨੇ ਉਸ ਨੂੰ ਆਖਿਆ, "ਮੈਂ ਇਹ ਅੱਠ ਰੂਬਲ ਦਾ ਖ਼ਰੀਦਿਆ ਸੀ ਪਰ ਮੈਂ ਤੈਨੂੰ ਇਹ ਛੇ ਦਾ ਦੇ ਦਿਆਂਗਾ।" "ਇਸ ਵਿੱਚ ਗੋਲੀਆਂ ਭਰੀਆਂ ਹੋਈਆਂ ਨੇ!" "ਕੀ ਮੈਂ ਮਿਸਟਰ ਪਾਵੇਲ ਨੂੰ ਮਿਲ ਸਕਦਾਂ ?" ਮੁਰਕਿਨ ਨੇ ਅੰਦਰ ਵੜਨ ਸਾਰ ਆਖਿਆ। "ਮੈਂ ਹੀ ਆਂ।" ਬਲਿਊਬਿਅਰਡ ਨੇ ਉਸ ਵੱਲ ਮੂੰਹ ਕਰਦਿਆਂ ਆਖਿਆ, "ਤੈਨੂੰ ਕੀ ਚਾਹੀਦੈ ?" "ਸਰ, ਤੁਹਾਨੂੰ ਤਕਲੀਫ਼ ਦੇਣ ਲਈ ਮੁਆਫ਼ੀ ਚਾਹੁੰਦਾਂ।" ਮੁਰਕਿਨ ਨੇ ਬੇਨਤੀ ਦੇ ਲਹਿਜ਼ੇ ਵਿੱਚ ਆਖਿਆ, "ਮੇਰੇ 'ਤੇ ਯਕੀਨ ਕਰੋ। ਮੈਂ ਕਮਜ਼ੋਰ ਸਿਹਤ ਵਾਲਾ ਗੰਠੀਆ ਪੀੜਤ ਆਦਮੀ ਆਂ। ਡਾਕਟਰ ਨੇ ਮੈਨੂੰ ਆਪਣੇ ਪੈਰ ਨਿੱਘੇ ਰੱਖਣ ਲਈ ਸਖ਼ਤ ਹਦਾਇਤ ਦਿੱਤੀ ਐ।" "ਮੈਨੂੰ ਸਾਫ਼ ਸਾਫ਼ ਦੱਸ ਤੂੰ ਚਾਹੁੰਦਾ ਕੀ ਐਂ ?" "ਤੁਸੀਂ ਰਾਤ ਬੁਟੇਅਬ ਹੋਟਲ ਦੇ ਕਮਰਾ ਨੰਬਰ 64 ਵਿੱਚ ਠਹਿਰੇ ਸੀ ?" ਮੁਰਕਿਨ ਨੇ ਬਲਿਊਬਿਅਰਡ ਨੂੰ ਸੰਬੋਧਨ ਕਰਦਿਆਂ ਆਖਿਆ। "ਕੀ ਬੇਵਕੂਫ਼ੀ ਐ ?" ਰਾਜਾ ਬੋਬੇਸ਼ ਨੇ ਦੰਦ ਕੱਢਦਿਆਂ ਆਖਿਆ, "64 ਨੰਬਰ 'ਚ ਤਾਂ ਮੇਰੀ ਪਤਨੀ ਰਹਿੰਦੀ ਐ।" "ਸਰ, ਤੁਹਾਡੀ ਪਤਨੀ ?" ਮੁਰਕਿਨ ਮੁਸਕਰਾਇਆ, "ਉਸੇ ਨੇਕ ਔਰਤ ਨੇ ਤਾਂ ਮੈਨੂੰ ਇਹ ਬੂਟ ਦਿੱਤੇ ਨੇ।" ਫ਼ਿਰ ਉਹ ਬਲਿਊਬਿਅਰਡ ਵੱਲ ਵੇਖਦਿਆਂ ਆਖਣ ਲੱਗਿਆ, "ਨੌਕਰ ਨੇ ਨਸ਼ੇ 'ਚ ਆਪਣੇ ਦੋਹਾਂ ਦੇ ਬੂਟ 64 ਨੰਬਰ 'ਚ ਰੱਖ ਦਿੱਤੇ ਅਤੇ ਤੁਸੀਂ ਉਥੋਂ ਜਾਣ ਲੱਗਿਆਂ ਮੇਰੇ ਪਾ ਲਏ ਤੇ ਆਪਣੇ ਉਥੇ ਛੱਡ ਗਏ।" "ਤੂੰ ਗੱਲ ਕੀ ਕਰਦੈਂ ?" ਬਲਿਊਬਿਅਰਡ ਨੇ ਕ੍ਰੋਧ ਨਾਲ ਆਖਿਆ, "ਤੂੰ ਇਥੇ ਮੇਰਾ ਅਪਮਾਨ ਕਰਨ ਆਇਐਂ ?" "ਨਹੀਂ, ਸਰ। ਤੁਸੀਂ ਗ਼ਲਤ ਸਮਝ ਰਹੇ ਓ। ਮੈਂ ਤਾਂ ਬੂਟਾਂ ਦੀ ਗੱਲ ਕਰਦਾਂ। ਤੁਸੀਂ 64 ਨੰਬਰ 'ਚ ਠਹਿਰੇ ਨ੍ਹੀ ਸੀ ?" "ਕਦ ?" "ਰਾਤ।" "ਤੂੰ ਮੈਨੂੰ ਉਥੇ ਵੇਖਿਆ ਸੀ ?" "ਨਹੀਂ, ਸਰ। ਮੈਂ ਤੁਹਾਨੂੰ ਨ੍ਹੀ ਵੇਖਿਆ।" ਮੁਰਕਿਨ ਨੇ ਬੂਟ ਲਾਹੁੰਦਿਆਂ ਬਹੁਤ ਘਬਰਾਹਟ ਵਿੱਚ ਆਖਿਆ, "ਮੈਂ ਤੁਹਾਨੂੰ ਉਥੇ ਨ੍ਹੀ ਵੇਖਿਆ। ਪਰ ਇਸ ਭੱਦਰ ਪੁਰਸ਼ ਦੀ ਪਤਨੀ ਨੇ ਮੇਰੇ ਕੋਲ ਮੇਰੇ ਬੂਟਾਂ ਦੀ ਬਜਾਇ ਤੁਹਾਡੇ ਸੁੱਟ ਦਿੱਤੇ।" "ਤੂੰ ਇਹ ਗੱਲ ਦ੍ਰਿੜਤਾ ਨਾਲ ਕਿਵੇਂ ਆਖਦੈਂ ?" ਬਲਿਊਬਿਅਰਡ ਉੱਚੀ ਉੱਚੀ ਬੋਲਣ ਲੱਗਿਆ, "ਮੈਂ ਆਪਣੇ ਬਾਰੇ ਤਾਂ ਕੁਝ ਨ੍ਹੀ ਕਹਿੰਦਾ। ਪਰ ਤੂੰ ਇੱਕ ਔਰਤ ਨੂੰ ਬਦਨਾਮ ਕਰ ਰਿਹੈਂ ਤੇ ਉਹ ਵੀ ਉਸ ਦੇ ਪਤੀ ਦੀ ਹਾਜ਼ਰੀ 'ਚ।" ਸ਼ਿੰਗਾਰ ਕਮਰੇ ਵਿੱਚ ਭਿਆਨਕ ਰੌਲਾ ਪੈ ਗਿਆ। ਰਾਜਾ ਬੋਬੇਸ਼ ਗੁੱਸੇ ਨਾਲ ਲਾਲ-ਪੀਲਾ ਹੋ ਗਿਆ। ਉਸ ਨੇ ਐਨੇ ਜ਼ੋਰ ਨਾਲ ਮੇਜ਼ 'ਤੇ ਮੁੱਕਾ ਮਾਰਿਆ ਕਿ ਨਾਲ ਦੇ ਸ਼ਿੰਗਾਰ ਕਮਰੇ ਵਿੱਚ ਦੋ ਅਭਿਨੇਤ੍ਰੀਆਂ ਬੇਹੋਸ਼ ਹੋਣ ਵਾਲੀਆਂ ਹੋ ਗਈਆਂ। "ਤੇ ਤੂੰ ਇਸ ਨੂੰ ਸੱਚ ਮੰਨਦੈਂ ?" ਬਲਿਊਬਿਅਰਡ ਰਾਜਾ ਬੋਬੇਸ਼ ਵੱਲ ਵੇਖਦਾ ਚਿੱਲਾਇਆ, "ਤੂੰ ਇਸ ਨਿਕੰਮੇ ਬਦਮਾਸ਼ 'ਤੇ ਯਕੀਨ ਕਰਦੈਂ ? ਮੈਂ ਇਸ ਨੂੰ ਕੁੱਤੇ ਵਾਂਗ ਮਾਰ ਦਿਆਂਗਾ।" ਉਸ ਦਿਨ ਨਾਟਕ ਵੇਖਣ ਗਏ ਲੋਕ ਦੱਸਦੇ ਹਨ ਕਿ ਇੱਕ ਪੀਲੇ ਚਿਹਰੇ ਤੇ ਡਰਾਉਣੀਆਂ ਅੱਖਾਂ ਵਾਲਾ ਆਦਮੀ ਨੰਗੇ ਪੈਰੀਂ ਥੀਏਟਰ ਵਿੱਚੋਂ ਨਿਕਲ ਕੇ ਦੌੜਿਆ ਜਾ ਰਿਹਾ ਸੀ ਅਤੇ ਬਲਿਊਬਿਅਰਡ ਦੇ ਪਹਿਰਾਵੇ ਵਿੱਚ ਇੱਕ ਆਦਮੀ ਹੱਥ ਵਿੱਚ ਰਿਵਾਲਵਰ ਫ਼ੜੀ ਉਸ ਦਾ ਪਿੱਛਾ ਕਰ ਰਿਹਾ ਸੀ। ਇਸ ਤੋਂ ਮਗਰੋਂ ਜੋ ਹੋਇਆ, ਉਹ ਕਿਸੇ ਨੇ ਨਹੀਂ ਵੇਖਿਆ। ਸਿਰਫ਼ ਐਨੀ ਹੀ ਜਾਣਕਾਰੀ ਹੈ ਕਿ ਉਸ ਦਿਨ ਤੋਂ ਬਾਅਦ ਮੁਰਕਿਨ ਪੰਦਰਾਂ, ਵੀਹ ਦਿਨ ਮੰਜੇ 'ਤੇ ਪਿਆ ਰਿਹਾ ਅਤੇ ਉਹ ਆਪਣੇ ਸ਼ਬਦਾਂ "ਮੈਂ ਕਮਜ਼ੋਰ ਸਿਹਤ ਵਾਲਾ ਗੰਠੀਆ ਪੀੜਤ ਆਦਮੀ ਆਂ" ਨਾਲ "ਮੈਂ ਜ਼ਖ਼ਮੀ ਆਂ" ਵੀ ਜੋੜਨ ਲੱਗ ਪਿਆ।

## ਪਿਆਰ ਦੀ ਚੰਗਿਆੜੀ

ਤਰਜ਼-ਏ-ਜ਼ਿੰਦਗੀ

♣ ਅਜੀਤ ਸਿੰਘ ਚੰਦਨ



ਪਿਆਰ ਦੀ ਇੱਕ ਚੰਗਿਆੜੀ ਇਨਸਾਨ ਦੀ ਰੂਹ ਵਿੱਚ ਚਾਨਣ ਖਲੇਰ ਦਿੰਦੀ ਹੈ ਤੇ ਰੂਹ ਰੌਸ਼ਨ ਹੋ ਜਾਂਦੀ ਹੈ। ਪਿਆਰ ਦੀ ਇੱਕ ਤੱਕਣੀ ਸਾਡੇ ਸੁੱਤੇ ਪਏ ਜਜ਼ਬੇ ਜਗਾ ਕੇ ਉਨ੍ਹਾਂ ਵਿੱਚ ਮੁੜ ਤੋਂ ਜ਼ਿੰਦਗੀ ਦੀ ਚਿਣਗ ਭਖਾ ਸਕਦੀ ਹੈ। ਕਈ ਵਾਰ ਇੱਕ ਦੁਰਬਲ ਤੇ ਕਮਜ਼ੋਰ ਇਨਸਾਨ ਵੀ ਪਿਆਰ ਦੀ ਰਾਹ ਵੇਖ ਕੇ ਜੀਵਨ ਮੰਜ਼ਿਲ ਤੈਅ ਕਰਨ ਤੁਰ ਪੈਂਦਾ ਹੈ। ਪਿਆਰ ਭਰਿਆ ਇੱਕ ਦਿਲ, ਜਦ ਤੁਹਾਡੀ ਉਡੀਕ 'ਚ ਸਹਿਕ ਰਿਹਾ ਹੋਵੇ ਤਾਂ ਤੁਸੀਂ ਆਪਣੇ ਆਪ ਨੂੰ ਬੜੇ ਹੀ ਅਹਿਮ ਤੇ ਖ਼ਾਸ ਸਮਝਣ ਲੱਗਦੇ ਹੋ। ਇਹ ਪਿਆਰ ਦਾ ਸੁਨੇਹਾ ਹੀ ਹੈ ਜੋ ਬਿਨਾਂ ਦੇਖਿਆਂ ਭਾਲਿਆਂ ਤੁਸੀਂ ਕਿਸੇ 'ਤੇ ਨਿਰਭਰ ਹੋ ਕੇ ਕਿਸੇ ਅਣਦੇਖੀ ਧਰਤ ਵੱਲ ਉੱਠ ਤੁਰਦੇ ਹੋ ਤੇ ਤੁਹਾਡੇ ਪੈਰ ਤੁਹਾਨੂੰ ਉਸ ਚੁੰਬਕ ਸ਼ਕਤੀ ਵੱਲ ਖਿੱਚੀ ਜਾਂਦੇ ਹਨ।

ਪਿਆਰ ਨਾਲ ਵਰੋਸਾਇਆ ਇਨਸਾਨ ਕਦੇ ਇਕੱਲਾ ਨਹੀਂ ਹੁੰਦਾ, ਸਗੋਂ ਉਸ ਨੂੰ ਆਪਣੀ ਇਕੱਲਤਾ ਪਿਆਰੀ ਲੱਗਦੀ ਹੈ, ਇਕੱਲਤਾ ਵਿੱਚ ਵਧੇਰੇ ਆਨੰਦ ਜਾਪਦਾ ਹੈ। ਇਕੱਲਤਾ ਵਿੱਚ ਪ੍ਰੇਮੀ ਇਕਸੁਰ ਹੋ ਕੇ ਆਪਣੀ ਪ੍ਰੇਮਿਕਾ ਨਾਲ ਗੱਲ ਵੀ ਕਰ ਸਕਦਾ ਹੈ। ਕਈ ਵਾਰ ਦੋ ਪ੍ਰੇਮੀ ਆਪਣੀ ਪਿਆਰ ਸ਼ਕਤੀ ਨਾਲ ਸਾਰੀਆਂ ਦਿਸ਼ਾਵਾਂ 'ਚ ਰੰਗ ਭਰ ਦਿੰਦੇ ਹਨ। ਦੁਨੀਆਂ ਨੂੰ ਆਪਣੀਆਂ ਨਿਗਾਹਾਂ ਨਾਲ ਹੁਸੀਨ ਬਣਾ ਦਿੰਦੇ ਹਨ। ਉਹ ਇਸੇ ਧਰਤੀ 'ਤੇ ਸਵਰਗ ਉਸਾਰਨ ਦੀ ਸ਼ਕਤੀ ਰੱਖਦੇ ਹਨ।

ਮੁਸ਼ਕਲ ਇਹੋ ਹੈ ਕਿ ਅਜਿਹਾ ਪਿਆਰ ਤੁਹਾਨੂੰ ਮਿਲਦਾ ਬੜੀ ਮੁਸ਼ਕਿਲ ਨਾਲ ਹੈ ਤੇ ਅਜਿਹਾ ਪਿਆਰ ਜੇ ਮਿਲ ਵੀ ਪਏ ਤਾਂ ਤੁਸੀਂ ਉਸ ਨੂੰ ਸਦਾ ਲਈ ਬਰਕਰਾਰ ਰੱਖਣ ਵਿੱਚ ਅਕਸਰ ਨਾਕਾਮਯਾਬ ਹੀ ਰਹਿੰਦੇ ਹੋ। ਇਹੀ ਅੱਜ ਦੇ ਇਨਸਾਨ ਦੀ ਕਮਜ਼ੋਰੀ ਹੈ। ਇਸ ਕਮਜ਼ੋਰੀ ਕਾਰਨ ਹੀ ਦੁਨੀਆਂ 'ਤੇ ਦੁੱਖ ਪੈਦਾ ਹੁੰਦੇ ਹਨ। ਤੁਸੀਂ ਕਈ ਵਾਰ ਆਪਣੇ ਪ੍ਰੇਮੀ ਜਾਂ ਪ੍ਰੇਮਿਕਾ ਤੋਂ ਪਿਆਰ ਦੀ ਲੋਚਾ ਕਰਦੇ-ਕਰਦੇ ਕੁਝ ਹੋਰ ਮੰਗਣ ਲੱਗਦੇ ਹੋ। ਇਹ ਹੋਰ ਮੰਗਣ ਦੀ ਭੁੱਖ ਇਸ ਸਦੀਵੀ ਪਿਆਰ 'ਚ ਤਰੇੜਾਂ ਲਿਆ ਸਕਦੀ ਹੈ। ਉਹੀ ਧਰਤੀ ਜਿਸ 'ਤੇ ਤੁਸੀਂ ਪਿਆਰ ਰੂਪੀ ਮਹਿਲ ਉਸਾਰੇ ਸਨ, ਤੁਹਾਨੂੰ ਬੜੀ ਰੁੱਖੀ ਤੇ ਉਦਾਸ ਲੱਗਣ ਲੱਗਦੀ ਹੈ। ਜੇ ਇਨਸਾਨ ਪਿਆਰ ਕਰਨ ਦੇ ਕਾਬਲ ਹੋਵੇ ਤਾਂ ਇਹ ਦੁਨੀਆਂ ਸਵਰਗ ਹੀ ਬਣੀ ਰਹੇ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਤੁਸੀਂ ਇਸ ਸਵਰਗ ਨੂੰ ਸਵਰਗ ਬਣਿਆਂ ਨਹੀਂ ਰਹਿਣ ਦਿੰਦੇ, ਸਗੋਂ ਜਲਦੀ ਹੀ ਆਪਣੀਆਂ ਭੁੱਖਾਂ-ਤੰਗੀਆਂ, ਰੋਸੇ, ਈਰਖਾ ਤੇ ਸਾੜੇ ਨਾਲ ਪਿਆਰ ਦੇ ਮਹਿਲ ਦੀਆਂ ਕੰਧਾਂ ਢਹਿ-ਢੇਰੀ ਕਰ ਦਿੰਦੇ ਹੋ।

ਇਨਸਾਨ ਤੇ ਪੰਛੀਆਂ 'ਚ ਮੁੱਖ ਫ਼ਰਕ ਇਹੀ ਹੈ ਕਿ ਪੰਛੀ ਦੁਨੀਆਂ ਨੂੰ ਪਿਆਰ ਭਰੀਆਂ ਰਾਗਣੀਆਂ ਦਿੰਦੇ ਹਨ ਤੇ ਮਿੱਠੇ ਗੀਤ ਗਾ ਕੇ ਸੰਸਾਰ ਦੀ ਸੁੰਨਤਾ ਤੇ ਇਕੱਲਤਾ ਨੂੰ ਭਰਨ 'ਚ ਲੱਗੇ ਰਹਿੰਦੇ ਹਨ, ਪਰ ਇਨਸਾਨ ਆਪਣੇ ਜ਼ਹਿਰੀਲੇ ਬੋਲਾਂ ਨਾਲ ਦੂਜੇ ਇਨਸਾਨ ਦੀ ਛਾਤੀ 'ਚ ਛੇਕ ਕਰਨ ਤਕ ਜਾਂਦਾ ਹੈ। ਇੱਥੋਂ ਹੀ ਪੰਛੀਆਂ ਤੇ ਇਨਸਾਨ ਦੀ ਹੋਂਦ ਵੱਖਰੀ ਹੋ ਜਾਂਦੀ ਹੈ। ਲੋਭੀ ਇਨਸਾਨ ਭਰਾ ਬਣ ਕੇ ਵੀ ਭਰਾ ਨਹੀਂ ਬਣਦਾ, ਸਗੋਂ ਅਨੇਕਾਂ ਸ਼ਿਕਾਇਤਾਂ ਗਿਲੇ-ਸ਼ਿਕਵਿਆਂ ਨਾਲ ਦੂਜੇ ਦੀ ਝੋਲੀ ਭਰ ਦਿੰਦਾ ਹੈ। ਇੰਜ ਪਿਆਰ 'ਚ ਪੈਂਦੀਆਂ ਤਰੇੜਾਂ, ਸਾਡੀਆਂ ਆਪਣੀਆਂ ਘਾਟਾਂ ਤੇ ਨਿਗੂਣੀਆਂ ਸੋਚਾਂ ਇਸ ਸੰਸਾਰ ਨੂੰ ਪਿਆਰ ਦੀਆਂ ਹੱਦਾਂ ਤਕ ਰਹਿਣ ਦੀ ਇਜਾਜ਼ਤ ਨਹੀਂ ਦਿੰਦੀਆਂ। ਸਗੋਂ ਉਹ ਪਿਆਰ ਨੂੰ ਨਫ਼ਰਤ ਨਾਲ ਨਿਵਾਜਦੇ ਹਨ ਤੇ ਫਿਰ ਇਸ ਨਫ਼ਰਤ ਦਾ ਕਾਲਾ ਧੂੰਆਂ ਪੂਰੇ ਬ੍ਰਹਿਮੰਡ 'ਤੇ ਛਾ ਕੇ ਸਭ ਦਿਸ਼ਾਵਾਂ ਨੂੰ ਹੀ ਧੂੰਏਂ ਵਰਗੀਆਂ ਕਰ ਦਿੰਦਾ ਹੈ। ਸਭ ਇਸ ਕੌੜੇ ਧੂੰਏਂ ਦੀ ਲਪੇਟ ਵਿੱਚ ਆ ਕੇ ਪਿਆਰ-ਸੁਨੇਹੇ ਵੀ ਭੁੱਲ ਜਾਂਦੇ ਹਨ ਤੇ ਜ਼ਿੰਦਗੀ ਦੀਆਂ ਮਿੱਠੀਆਂ ਮੁਸਕਾਨਾਂ ਵੀ। ਜੇਕਰ ਤੁਸੀਂ ਇੱਕ ਚੰਗੇਰੀ ਤੇ ਰੰਗੀਨ ਜ਼ਿੰਦਗੀ ਜਿਉਣ ਦੇ ਚਾਹਵਾਨ ਹੋ ਤਾਂ ਪਿਆਰ ਭਰੀਆਂ ਪੌਣਾਂ 'ਚ ਪਿਆਰ ਵਸਿਆ ਰਹਿਣ ਦਿਓ। ਤੁਸੀਂ ਇਸ ਪਿਆਰ ਸ਼ਕਤੀ ਨਾਲ ਚੰਗੇ ਜੀਵਨ ਸਾਥੀ ਬਣ ਸਕਦੇ ਹੋ ਤੇ ਕਈ ਵਾਰ ਇੱਕ ਚੰਗੇ ਜੀਵਨ ਸਾਥੀ ਬਣਨ ਦੇ ਨਾਲ-ਨਾਲ ਪ੍ਰੇਮੀ-ਪ੍ਰੇਮਿਕਾ ਵਰਗਾ ਪ੍ਰੇਮ ਵੀ ਕਰ ਸਕਦੇ ਹੋ। ਇਹ ਸਭ ਤੁਹਾਡੇ ਆਪਣੇ ਹਿਰਦੇ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਮਖ਼ਮਲੀ ਸੇਜ 'ਤੇ ਸੌਣਾ ਹੈ ਜਾਂ ਕੰਡਿਆਲੀ ਥੋਹਰ 'ਤੇ। ਆਪਣੇ ਹਿਰਦੇ ਵਿੱਚ ਜੇਕਰ ਤੁਸੀਂ ਪਿਆਰ ਵਸਾਈ ਰੱਖੋ ਤਾਂ ਹਰ ਇਨਸਾਨ ਹੀ ਤੁਹਾਨੂੰ ਆਪਣਾ ਭਰਾ ਜਾਪੇਗਾ ਤੇ ਹਰ ਔਰਤ ਤੁਹਾਨੂੰ ਭੈਣ ਜਾਂ ਪ੍ਰੇਮਿਕਾ ਲੱਗੇਗੀ, ਪਰ ਪਿਆਰ ਨੂੰ ਹਿਰਦੇ 'ਚ ਸਮੋਣ ਤੋਂ ਪਹਿਲਾਂ ਇਸ ਹਿਰਦੇ 'ਚ ਪਿਆਰ ਰੂਪੀ ਮਹਿਲ ਜ਼ਰੂਰ ਬਣਾ ਲਵੋ ਤੇ ਫਿਰ ਇਸ ਪਿਆਰ ਰੂਪੀ ਮਹਿਲ ਦੀ ਰਾਖੀ ਤੁਹਾਨੂੰ ਜ਼ਿੰਦਗੀ ਭਰ ਕਰਨੀ ਪਵੇਗੀ।

ਜਿਸ ਪਰਿਵਾਰ ਵਿੱਚ ਪਿਆਰ ਭਰੇ ਦਿਲਾਂ ਦਾ ਵਾਸਾ ਹੈ, ਉੱਥੇ ਘਰ ਵੀ ਸਵਰਗ ਬਣਿਆ ਰਹੇਗਾ ਤੇ ਤੁਹਾਨੂੰ ਜ਼ਿੰਦਗੀ ਵੀ ਭਰੀ-ਭਰੀ ਰੰਗੀਨ ਜਾਪਦੀ ਹੈ। ਤੁਹਾਨੂੰ ਘਰ ਦਾ ਕੋਈ ਵੀ ਕੋਨਾ ਖਾਲੀ ਨਹੀਂ ਲੱਗਦਾ। ਸਗੋਂ ਮਾਂ ਦਾ ਮੋਹ ਤੇ ਪਿਆਰ ਅਜਿਹੇ ਘਰ ਦੀਆਂ ਬੁਨਿਆਦਾਂ ਨੂੰ ਕਦੇ ਵੀ ਹਿੱਲਣ ਨਹੀਂ ਦਿੰਦਾ। ਕਈ ਵਾਰ ਥੋੜ੍ਹੀ ਜਿਹੀ ਗ਼ਲਤੀ ਕਾਰਨ ਉਸ ਪਿਆਰ ਦੀਆਂ ਬੁਨਿਆਦਾਂ ਵੀ ਹਿੱਲ ਜਾਂਦੀਆਂ ਹਨ। ਫਿਰ ਇਨ੍ਹਾਂ ਨੂੰ ਮੁੜ ਉਸਾਰਨਾ ਮੁਸ਼ਕਿਲ ਤਾਂ ਹੁੰਦਾ ਹੀ ਹੈ, ਸਗੋਂ ਕਈ ਵਾਰ ਅਸੰਭਵ ਵੀ ਹੋ ਜਾਂਦਾ ਹੈ। ਇਸੇ ਲਈ ਇਹ ਅਤਿ ਜ਼ਰੂਰੀ ਹੈ ਕਿ ਤੁਸੀਂ ਇਸ ਧਰਤੀ ਨੂੰ ਸਵਰਗ ਬਣਾਉਣ ਦੀ ਕਾਹਲ ਵਿੱਚ ਧਰਤੀ 'ਤੇ ਵੱਡੇ-ਵੱਡੇ ਮਹਿਲ ਉਸਾਰਨ ਦੀ ਬਜਾਏ ਪਹਿਲਾਂ ਆਪਣੇ ਹਿਰਦਿਆਂ ਵਿੱਚ ਇਹ ਪਿਆਰ-ਮਹਿਲ ਉਸਾਰ ਲਵੋ, ਜੇ ਹਿਰਦਿਆਂ ਦੇ ਪਿਆਰ ਮਹਿਲ ਉਸਰ ਗਏ, ਫਿਰ ਇਸ ਧਰਤੀ ਦੇ ਮਹਿਲ ਵੀ ਤੁਹਾਨੂੰ ਦੁਨੀਆਂ ਦੀਆਂ ਸਭ ਸੁੱਖ-ਸਹੂਲਤਾਂ ਦੇ ਕੇ ਤੁਹਾਡੀ ਜ਼ਿੰਦਗੀ ਨੂੰ ਖ਼ੂਬਸੂਰਤੀ ਬਖ਼ਸ਼ ਸਕਦੇ ਹਨ। ਪ੍ਰਕਿਰਤੀ ਤੇ ਪੰਛੀਆਂ ਦੇ ਪਿਆਰ ਤੋਂ ਸੱਖਣਾ ਇਨਸਾਨ ਭਲਾ ਪਿਆਰ ਦੀ ਸ਼ਕਤੀ ਕਿਵੇਂ ਜਾਣ ਸਕਦਾ ਹੈ ? ਜ਼ਿੰਦਗੀ ਦਾ ਅਸਲੀ ਰਾਜ਼ ਇਹੀ ਹੈ ਕਿ ਪ੍ਰਕਿਰਤੀ ਨਾਲ ਆਪਣੀ ਪੱਕੀ ਤੇ ਪੀਢੀ ਸਾਂਝ ਪਾਈ ਰੱਖੋ ਤੇ ਫਿਰ ਪੰਛੀਆਂ ਦੀਆਂ ਸੁਰੀਲੀਆਂ ਆਵਾਜ਼ਾਂ ਤੇ ਮਧੁਰ ਰਾਗਣੀਆਂ ਸਦਾ ਤੁਹਾਡੇ ਕੰਨਾਂ ਵਿੱਚ ਗੂੰਜਦੀਆਂ ਰਹਿਣਗੀਆਂ ਤੇ ਤੁਸੀਂ ਕਦੇ ਵੀ ਆਪਣੇ ਆਪ ਨੂੰ ਖਾਲੀ ਮਹਿਸੂਸ ਨਹੀਂ ਕਰੋਗੇ।

ਸੰਪਰਕ: 95696-56510

**ਇੰਜ ਪਿਆਰ 'ਚ ਪੈਂਦੀਆਂ ਤਰੇੜਾਂ, ਸਾਡੀਆਂ ਆਪਣੀਆਂ ਘਾਟਾਂ ਤੇ ਨਿਗੂਣੀਆਂ ਸੋਚਾਂ ਇਸ ਸੰਸਾਰ ਨੂੰ ਪਿਆਰ ਦੀਆਂ ਹੱਦਾਂ ਤਕ ਰਹਿਣ ਦੀ ਇਜਾਜ਼ਤ ਨਹੀਂ ਦਿੰਦੀਆਂ। ਸਗੋਂ ਉਹ ਪਿਆਰ ਨੂੰ ਨਫ਼ਰਤ ਨਾਲ ਨਿਵਾਜਦੇ ਹਨ ਤੇ ਫਿਰ ਇਸ ਨਫ਼ਰਤ ਦਾ ਕਾਲਾ ਧੂੰਆਂ ਪੂਰੇ ਬ੍ਰਹਿਮੰਡ 'ਤੇ ਛਾ ਕੇ ਸਭ ਦਿਸ਼ਾਵਾਂ ਨੂੰ ਹੀ ਧੂੰਏਂ ਵਰਗੀਆਂ ਕਰ ਦਿੰਦਾ ਹੈ। ਸਭ ਇਸ ਕੌੜੇ ਧੂੰਏਂ ਦੀ ਲਪੇਟ ਵਿੱਚ ਆ ਕੇ ਪਿਆਰ-ਸੁਨੇਹੇ ਵੀ ਭੁੱਲ ਜਾਂਦੇ ਹਨ ਤੇ ਜ਼ਿੰਦਗੀ ਦੀਆਂ ਮਿੱਠੀਆਂ ਮੁਸਕਾਨਾਂ ਵੀ।**

## ਤੀਰ ਤੁੱਕਾ : ਭਤੀਜੀ ਤਾਂ ਪਾਸ ਕਰਨੀ ਪਊ



ਬਿਨਾਂ ਸਵਾਰਥ ਭਲਾ ਕਰਨ ਦੀ ਚੇਟਕ ਕੁਝ ਲੋਕਾਂ ਵਿਚ ਹੁੰਦੀ ਹੈ, ਪਰ ਕੁਝ ਇਨਸਾਨ ਕਿਸੇ ਦਾ ਭਲਾ ਕਰਨ ਬਦਲੇ ਉਸ ਤੋਂ ਆਪਣਾ ਸਵਾਰਥ ਕੱਢਦੇ ਹਨ । ਇਸ ਲਈ ਲੋਕ ਵੀ ਸਭ ਨੂੰ ਇਕ ਰੱਸੇ ਬੰਨ੍ਹੀ ਜਾਂਦੇ ਹਨ । ਬਿਨਾਂ ਸਵਾਰਥ ਕੰਮ ਕਰ ਰਹੇ ਵਿਅਕਤੀਆਂ ਨੂੰ ਵੀ ਸਵਾਰਥੀ ਕਹੀ ਜਾਣਗੇ । ਆਪਣੀ ਚਾਲ ਵਿਚ ਮਸਤ ਅਜਿਹੇ ਉੱਦਮਾਂ ਨੂੰ ਸਾਰਥਿਕ ਕਰਨ ਲਈ ਡਟੇ ਰਹਿਣਾ ਚੰਗੀ ਸੋਚ ਹੈ । ਜ਼ਿਆਦਾਤਰ ਸਰਕਾਰੀ ਸਕੂਲਾਂ ਦੀ ਹਾਲਤ ਬਹੁਤੀ ਚੰਗੀ ਨਹੀਂ, ਪਰ ਕੁਝ ਸਰਕਾਰੀ ਸਕੂਲਾਂ ਦੀ ਹਾਲਤ ਦੇਖ ਕੇ ਇਹ ਮਹਿਸੂਸ ਹੁੰਦਾ ਹੈ ਕਿ ਇਹ ਨਿੱਜੀ ਸਕੂਲਾਂ ਤੋਂ ਵੀ ਵਧੀਆ ਹਨ । ਸ਼ਾਨਦਾਰ ਇਮਾਰਤਾਂ ਹਨ, ਸੋਹਣੇ ਫੁੱਲਾਂ ਬੂਟਿਆਂ ਵਾਲੀਆਂ ਬਗੀਚੀਆਂ ਹਨ, ਸਕੂਲ ਮੁਖੀਆਂ ਦੇ ਵਧੀਆ ਦਫ਼ਤਰ ਹਨ । ਪਰ ਇਸ ਲਈ ਇਲਾਕੇ ਦੇ ਲੋਕਾਂ ਵਲੋਂ ਸਮੇਂ ਸਮੇਂ 'ਤੇ ਕੀਤੀ ਮਦਦ ਵੀ ਵੱਡਾ ਮਾਅਨਾ ਰੱਖਦੀ ਹੈ । ਲੋਕੀਂ ਆਪਣੇ ਮਾਪਿਆਂ ਜਾਂ ਹੋਰਨਾਂ ਦੇ ਨਾਂਅ 'ਤੇ ਕਮਰੇ, ਇਮਾਰਤਾਂ ਉਸਾਰ ਕੇ ਵਿੱਦਿਆ ਪਸਾਰੇ ਲਈ ਯੋਗਦਾਨ ਪਾ ਰਹੇ ਹਨ, ਉੱਥੇ ਸਕੂਲ ਮੁਖੀਆਂ ਵਲੋਂ ਕੀਤੀ ਗਈ ਮਿਹਨਤ ਵੀ ਸ਼ਲਾਘਾਯੋਗ ਹੈ । ਸਕੂਲਾਂ ਦੀ ਹਾਲਤ ਸੁਧਾਰਨ ਲਈ ਅਜਿਹੇ ਲੋਕ ਵਧਾਈ ਦੇ ਪਾਤਰ ਹਨ ।

ਪ੍ਰੀਖਿਆਵਾਂ ਦੇ ਦਿਨਾਂ ਵਿਚ ਬੱਚੇ ਪੜ੍ਹਾਈ ਵਿਚ ਰੁੱਝੇ ਹੁੰਦੇ ਹਨ । ਬੱਚਿਆਂ ਨੂੰ ਸਖ਼ਤ ਮਿਹਨਤ ਤੋਂ ਬਾਅਦ ਨਤੀਜਿਆਂ ਵਿਚੋਂ ਸਫਲਤਾ ਹਾਸਲ ਕਰਨ 'ਤੇ ਖ਼ੁਸ਼ੀ ਹੁੰਦੀ ਹੈ । ਇਸ ਪ੍ਰਾਪਤੀ ਨਾਲ ਬੱਚੇ ਤਾਂ ਖ਼ੁਸ਼ ਹੁੰਦੇ ਹੀ ਹਨ, ਮਾਪੇ ਅਤੇ ਅਧਿਆਪਕ ਵੀ ਖ਼ੁਸ਼ੀ ਵਿਚ ਖੀਵੇ ਹੁੰਦੇ ਹਨ । ਜਿਹੜੇ ਬੱਚੇ ਪੜ੍ਹਦੇ ਨਹੀਂ, ਉਨ੍ਹਾਂ ਨੂੰ ਨਮੋਸ਼ੀ ਦਾ ਮੂੰਹ ਦੇਖਣਾ ਪੈਂਦਾ ਹੈ । ਕਿਹਰ ਸਿੰਘ ਜਿਹੜੇ ਸਕੂਲ ਵਿਚ ਪੜ੍ਹਾਉਂਦਾ ਸੀ ਉਸ ਸਕੂਲ ਦੀ ਇਮਾਰਤ ਬਣਾਉਣ ਲਈ ਉਸ ਨੇ ਆਲ਼ੇ-ਦੁਆਲੇ ਦੇ ਪਿੰਡਾਂ ਵਾਲਿਆਂ ਕੋਲੋਂ ਸਹਿਯੋਗ ਲਿਆ ਸੀ । ਇਕ ਦਾਨੀ ਪਰਿਵਾਰ ਨੇ ਤਾਂ ਸਕੂਲ ਲਈ ਕਈ ਕਮਰੇ ਬਣਾ ਦਿੱਤੇ ਸਨ । ਐਤਕੀਂ ਦਾ ਸਕੂਲ ਦਾ ਰਿਜ਼ਲਟ ਵੀ ਵਧੀਆ ਆਇਆ ਸੀ । ਕੁਝ ਗਿਣੇ ਚੁਣੇ ਬੱਚੇ ਜਿਹੜੇ ਕੁਝ ਵੀ ਨਹੀਂ ਜਾਣਦੇ ਸਨ, ਹੀ ਫ਼ੇਲ੍ਹ ਕੀਤੇ ਗਏ ਸਨ । ਸਾਰਾ ਸਟਾਫ਼ ਨਤੀਜਾ ਐਲਾਨ ਕੇ ਸਟਾਫ਼ ਰੂਮ ਵਿਚ ਬੈਠਾ ਲੱਡੂਆਂ ਨਾਲ ਚਾਹ ਪੀ ਰਿਹਾ ਸੀ ਕਿ ਸਕੂਲ ਲਈ ਕਈ ਕਮਰੇ ਬਣਾਉਣ ਵਾਲੇ ਦਾਨੀ ਸੱਜਣ ਆਪਣੇ ਹੋਰ ਸਾਥੀਆਂ ਨਾਲ ਸਿੱਧੇ ਸਟਾਫ਼ ਰੂਮ ਵਿਚ ਆ ਖੜ੍ਹੇ ਹੋਏ । ਇਕ ਕਹਿ ਰਿਹਾ ਸੀ, ਮਾਸਟਰ ਜੀ ਤੁਸੀਂ ਸਾਡੀ ਭੋਰਾ ਲਿਹਾਜ਼ ਨਹੀਂ ਕੀਤੀ, ਅਸੀਂ ਸਕੂਲ ਲਈ ਏਡੀ ਵੱਡੀ ਇਮਾਰਤ ਬਣਾ ਦਿੱਤੀ, ਤੁਹਾਨੂੰ ਪਤਾ ਬਈ ਆਹ ਕੁੜੀ ਸਾਡੀ ਭਤੀਜੀ ਹੈ ਪਰ ਤੁਸੀਂ ਫ਼ੇਲ੍ਹ ਕਰ ਦਿੱਤੀ । ਮੇਰੀ ਸੁਣੋ ਭਤੀਜੀ ਤਾਂ ਪਾਸ ਕਰਨੀ ਹੀ ਪਊ, ਨਹੀਂ ਤਾਂ ਮੈਂ ਮੰਤਰੀ ਤੋਂ ਫ਼ੋਨ ਕਰਵਾਉਂਦਾ । ਉਹ ਬੋਲੀ ਜਾ ਰਿਹਾ ਸੀ, ਸਾਰਾ ਸਟਾਫ਼ ਸੁਣੀ ਜਾ ਰਿਹਾ ਸੀ । ਖੂੰਜੇ ਖੜ੍ਹਾ ਸਾਇੰਸ ਮਾਸਟਰ ਬੋਲਿਆ ਤਾਂ ਕੁਝ ਨਹੀਂ ਪਰ ਸੋਚ ਰਿਹਾ ਸੀ, 'ਕਿ ਸਾਡੇ ਕੋਲੋਂ ਤਾਂ ਭਤੀਜੀ ਧੱਕੇ ਨਾਲ ਪਾਸ ਕਰਵਾ ਲਵੇਂਗਾ, ਪਰ ਜ਼ਿੰਦਗੀ ਦੀਆਂ ਪ੍ਰੀਖਿਆਵਾਂ ਵਿਚ ਇਸ ਨੂੰ ਕਿਥੇ-ਕਿਥੇ ਪਾਸ ਕਰਵਾਏਂਗਾ ।'

-ਬਲਵਿੰਦਰ ਸਿੰਘ ਗੁਰਾਇਆ

## ਮਿੰਨੀ ਕਹਾਣੀ: ਜਨਤਾ ਅਤੇ ਨੇਤਾ

ਅੱਜ ਸ਼ਹਿਰ ਚਮਕ ਰਿਹਾ ਸੀ। ਪਹਿਲਾਂ ਤਾਂ ਥਾਂ ਥਾਂ ਗੰਦ ਦੇ ਢੇਰਾਂ ਕੋਲੋਂ ਲੰਘਣਾ ਵੀ ਔਖਾ ਹੁੰਦਾ ਸੀ। ਪੁਲੀਸ ਮੁਲਾਜ਼ਮ ਜੋ ਸਿਰਫ਼ ਚੌਕਾਂ ਵਿੱਚ ਖੜ੍ਹ ਕੇ ਚਾਲਾਨ ਹੀ ਕੱਟਦੇ ਸਨ, ਅੱਜ ਟਰੈਫਿਕ ਕੰਟਰੋਲ ਕਰ ਰਹੇ ਸਨ। ਇਸ ਲਈ ਕਿਤੇ ਵੀ ਕੋਈ ਜਾਮ ਨਹੀਂ ਸੀ। ਸੂਰਜ ਡੁੱਬਦੇ ਹੀ ਜਿਹੜਾ ਸ਼ਹਿਰ ਹਨੇਰੇ ਦੀ ਬੁੱਕਲ ਵਿੱਚ ਸਮਾ ਜਾਂਦਾ ਸੀ, ਅੱਜ ਉੱਥੇ ਦਿਨ ਵੇਲੇ ਵੀ ਲਾਈਟਾਂ ਜਗ ਰਹੀਆਂ ਸਨ। ਅੱਜ ਤਾਂ ਸ਼ਹਿਰ ਪਹਿਲਾਂ ਵਾਲਾ ਹੈ ਹੀ ਨਹੀਂ ਸੀ।

"ਅੱਜ ਕੀ ਹੈ ? ਜਨਤਾ ਨੇ ਚੌਕ ਵਿੱਚ ਖੜ੍ਹੇ ਇੱਕ ਨੇਤਾ ਜੀ ਨੂੰ ਪੁੱਛਿਆ।

"ਅੱਜ ਸਾਡੇ ਮਹਾਂ ਮਹਾਂ ਮੰਤਰੀ ਜੀ ਆ ਰਹੇ ਹਨ। ਇਹ ਸਭ ਕੁਝ ਉਨ੍ਹਾਂ ਦੇ ਸਵਾਗਤ ਵਾਸਤੇ ਹੈ, ਉਸ ਨੇ ਜਵਾਬ ਦਿੱਤਾ।

"ਮਹਾਂ ਮਹਾਂ ਮੰਤਰੀ ਜੀ ਰੋਜ਼ ਕਿਉਂ ਨਹੀਂ ਆਉਂਦੇ ? ਭੋਲੀ ਭਾਲੀ ਜਨਤਾ ਨੇ ਪੁੱਛਿਆ।

"ਵੋਟਾਂ ਪੰਜ ਸਾਲ ਬਾਅਦ ਆਉਂਦੀਆਂ ਹਨ। ਇਸ ਲਈ ਰੋਜ਼ ਕਿਉਂ ਆਉਣਗੇ ? ਉਨ੍ਹਾਂ ਨੂੰ ਬਹੁਤ ਕੰਮ ਹਨ। ਤੁਹਾਡੇ ਵਾਂਗ ਵਿਹਲੇ ਨਹੀਂ।

"ਅਸੀਂ ਕੁਝ ਸਮਝੇ ਨਹੀਂ।

"ਤੁਹਾਡੀ ਨਾਸਮਝੀ ਹੀ ਵਿੱਚ ਹੀ ਸਾਡੀ ਭਲਾਈ ਹੈ। ਜਿੰਨਾ ਚਿਰ ਤੁਸੀਂ ਨਾਸਮਝ ਹੋ, ਉਦੋਂ ਤਕ ਅਸੀਂ ਤੁਹਾਨੂੰ ਲੁੱਟਾਂਗੇ, ਕੁੱਟਾਂਗੇ ਅਤੇ ਤੁਹਾਡੇ 'ਤੇ ਰਾਜ ਕਰਾਂਗੇ, ਇੰਨਾ ਆਖ ਨੇਤਾ ਜੀ ਮੁਸਕਰਾਏ ਅਤੇ ਸੁਰੱਖਿਆ ਦਸਤਿਆਂ ਨਾਲ ਗੱਡੀ ਵਿੱਚ ਬੈਠ ਕੇ ਮਿੰਟਾਂ ਵਿੱਚ ਕਿਤੇ ਦੇ ਕਿਤੇ ਪਹੁੰਚ ਗਏ।

ਯੁੱਗ ਬੀਤ ਗਏ, ਚੌਰਾਹੇ ਵਿੱਚ ਖੜ੍ਹੀ; ਕੁੱਲੀ, ਗੁੱਲੀ ਅਤੇ ਜੁੱਲੀ ਦੇ ਚੱਕਰ ਵਿੱਚ ਫਸੀ ਜਨਤਾ ਅੱਜ ਵੀ ਉੱਥੇ ਹੀ ਖੜ੍ਹੀ ਹੈ ਜਦੋਂਕਿ ਨੇਤਾ ਆਸਮਾਨ 'ਤੇ ਪਹੁੰਚ ਗਏ ਹਨ।

- ਹਰਜੀਤ ਸਿੰਘ
ਸੰਪਰਕ: 92177-01415

# ਮਨੁੱਖੀ ਹਿੰਮਤ ਦਾ ਸਿੰਘਾਸਣ



ਅਸੀਂ ਬਾਲੀ ਤੋਂ ਸਿੰਗਾਪੁਰ ਪਹੁੰਚੇ। ਸਿੰਗਾਪੁਰ ਹਵਾਈ ਅੱਡੇ 'ਤੇ ਪੁੱਜਣ ਉੱਤੇ ਸਾਮਾਨ ਅਤੇ ਪੂਰੇ ਸਰੀਰ ਦੀ ਸਕੈਨਿੰਗ ਹੁੰਦੀ ਹੈ। ਰਾਤ ਦੀ ਸਫ਼ਾਰੀ ਲਈ ਸ਼ਾਮ ਸਾਢੇ ਪੰਜ ਵਜੇ ਹੋਟਲ ਦੇ ਗੇਟ 'ਤੇ ਬਣੇ ਉਡੀਕ ਪੁਆਇੰਟ 'ਤੇ ਬੈਠ ਗਏ। ਪੰਜ ਮਿੰਟ ਤੋਂ ਵੱਧ ਕੋਚ ਉਡੀਕ ਨਹੀਂ ਕਰਦੀ। ਸਿੰਗਾਪੁਰ ਵਿਚ ਡਰਾਈਵਰ ਨੂੰ ਕੋਚ ਕੈਪਟਨ ਕਹਿੰਦੇ ਹਨ। ਐਨ ਸਹੀ ਸਮੇਂ 'ਤੇ ਕੋਚ ਆਉਂਦੀ ਹੈ। ਇਹ ਚਿੜੀਆਘਰ ਦੀ ਸਫ਼ਾਰੀ ਸੀ। ਕੋਚ ਵਿਚ ਵੱਖਰੇ ਵੱਖਰੇ ਹੋਟਲਾਂ ਤੋਂ ਸੈਲਾਨੀ ਇਕੱਠੇ ਹੋ ਕੇ ਕੋਚ ਵਿਚ ਘੁੰਮਦੇ ਹਨ ਕਿਉਂਕਿ ਟੈਕਸੀ ਬਹੁਤ ਮਹਿੰਗੀ ਪੈਂਦੀ ਹੈ। ਕੋਚ ਵਿਚ ਮੌਜੂਦ ਗਾਈਡ ਮਾਈਕ ਰਾਹੀਂ ਸਾਰਿਆਂ ਨਾਲ ਸੰਪਰਕ ਰੱਖਦਾ ਹੈ। ਉਸ ਦੀ ਸੀਟ ਕੈਪਟਨ ਦੇ ਪਿੱਛੇ ਹੁੰਦੀ ਹੈ। ਕੋਚ ਸਾਰਿਆਂ ਨਾਲ ਰਾਬਤਾ ਰੱਖਣ ਲਈ ਹਰ ਕਿਸੇ ਨੂੰ ਇਕ ਨੰਬਰ ਦੇ ਦਿੰਦਾ ਹੈ ਤਾਂ ਜੋ ਵਾਪਸੀ 'ਤੇ ਲੋਕ ਇਕੱਠੇ ਕੀਤੇ ਜਾ ਸਕਣ। ਕੋਚਾਂ ਦੁਲਹਨ ਵਾਂਗ ਸਜੀਆਂ ਹੁੰਦੀਆਂ ਹਨ। ਸਿੰਗਾਪੁਰ ਦੇ ਚਿੜੀਆਘਰ ਦੀ ਸੈਰ ਪਹਿਲੇ ਦਿਨ ਚੰਗੀ ਹੋਣ ਦੇ ਬਾਵਜੂਦ ਬੋਝਲ ਸੀ ਕਿਉਂਕਿ ਮੋਬਾਈਲ ਨੈੱਟਵਰਕ ਨਾ ਹੋਣ ਕਾਰਨ ਆਪਸੀ ਤਾਲਮੇਲ ਨਹੀਂ ਹੁੰਦਾ। ਸਭ ਤੋਂ ਪਹਿਲਾਂ ਬੁੱਕ ਕੀਤੀ ਟਿਕਟ ਮਸ਼ੀਨ ਤੋਂ ਸਕੈਨਿੰਗ ਜਾਂ ਨੰਬਰ ਭਰ ਕੇ ਲੈਣੀ ਹੁੰਦੀ ਹੈ। ਫਿਰ ਕੋਚ ਬਾਹਰ ਇਕੱਠੇ ਹੋਣ ਦਾ ਸਮਾਂ ਦੇ ਕੇ ਰਾਤ ਦੀ ਸਫ਼ਾਰੀ ਲਈ ਛੱਡ ਦਿੰਦਾ ਹੈ। ਇੱਥੇ ਹੁੰਦੇ ਜਾਨਵਰਾਂ ਦੇ ਸ਼ੋਅ ਵਿਚ ਪ੍ਰਮੁੱਖ ਸੀ ਬਹੁਤ ਵੱਡੇ ਸਾਰੇ ਉੱਲੂ ਦਾ ਸ਼ੋਅ। ਇਹ ਖ਼ਾਸ ਇਸ ਕਰਕੇ ਹੈ ਕਿਉਂਕਿ ਉੱਲੂ ਰਾਤ ਨੂੰ ਜਾਗਦਾ ਹੈ, ਇਸ ਲਈ ਵੱਧ ਚੁਸਤ ਹੁੰਦਾ ਹੈ। ਚਿੜੀਆਘਰ ਦੇ ਐਕਟਰ ਜਾਨਵਰਾਂ ਨਾਲ ਇਉਂ ਗੱਲਾਂ ਕਰਦੇ ਹਨ ਜਿਵੇਂ ਉਨ੍ਹਾਂ ਦੇ ਨਾਲ ਰਹਿੰਦੇ ਹੋਣ। ਇਸ ਪਿੱਛੋਂ ਟਰਾਮ ਘੁੰਮ ਕੇ ਚਿੜੀਆਘਰ ਦੀ ਸੈਰ ਕਰਾਉਂਦੀ ਹੈ। ਇਹ ਘੱਟ ਤੋਂ ਘੱਟ 200 ਵਿਅਕਤੀ ਲੈ ਜਾਂਦੀ ਹੈ। ਧੱਕਾਮੁੱਕੀ ਤੋਂ ਬਚਣ ਲਈ ਡਿਊਟੀ ਕਰ ਰਹੀਆਂ ਕੁੜੀਆਂ ਸਖ਼ਤੀ ਨਾਲ ਲੜੀਵਾਰ ਤੋਂ ਬਿਨਾਂ ਚੜ੍ਹਨ ਨਹੀਂ ਦਿੰਦੀਆਂ। ਹਰ ਕੋਈ ਘੂਰ ਤੇ ਬੇਇੱਜ਼ਤੀ ਤੋਂ ਡਰਦਾ ਸਿੱਧਾ ਰਹਿੰਦਾ ਹੈ। ਇੱਥੇ ਬੱਬਰ ਸ਼ੇਰ ਦੇਖਿਆ। ਟਰਾਮ ਵਿਚ ਘੁੰਮਣਾ ਸੁਖਾਵਾਂ ਤੇ ਦਿਲਕਸ਼ ਸੀ। ਚਾਲੀ ਮਿੰਟ ਦੀ ਸਫ਼ਾਰੀ ਹੁੰਦੀ ਹੈ। ਮੁੜਦਿਆਂ ਇਕ ਥਾਂ ਦੀਵਾਲੀ ਦੇ ਰੰਗਾਂ/ਪੋਸਟਰਾਂ ਨਾਲ ਭਰੀ ਗਲੀ ਦਿਸਦੀ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਇਹ ਭਾਰਤੀਆਂ ਦਾ ਇਲਾਕਾ ਹੈ। ਸਿੰਗਾਪੁਰ ਵਿਚ ਚੀਨੀ, ਭਾਰਤੀ, ਮਲਾਏ ਅਤੇ ਯੂਰੋਪੀਅਨਾਂ ਲਈ ਕਿਸੇ ਸਮੇਂ ਵੱਖਰੇ ਵੱਖਰੇ ਇਲਾਕੇ ਬਣਾਏ ਗਏ ਸਨ ਤਾਂ ਜੋ ਤਣਾਅ-ਮੁਕਤ ਰਹਿ ਸਕਣ।

ਦੂਜਾ ਦਿਨ ਅਹਿਮ ਸੀ। ਸਵੇਰੇ 10 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਦਿਨ ਘੁੰਮਦੇ ਘੁੰਮਾਉਂਦੇ ਲੰਘਦਾ ਹੈ। ਇਸ ਦਿਨ ਸਭ ਤੋਂ ਪਹਿਲਾਂ ਘੁੰਮਦੇ ਪਹੀਏ 'ਤੇ ਸਾਰੇ ਸਿੰਗਾਪੁਰ ਉੱਤੇ ਝਾਤ ਪਵਾਈ ਜਾਂਦੀ ਹੈ। ਅੰਗਰੇਜ਼ੀ ਵਿਚ ਇਸ ਨੂੰ ਸਿੰਗਾਪੁਰ ਫਲਾਇਰ ਕਹਿੰਦੇ ਹਨ। ਇਹ (165 ਮੀਟਰ ਭਾਵ 541 ਫੁੱਟ) ਏਸ਼ੀਆ ਦਾ ਸਭ ਤੋਂ ਉੱਚਾ ਫਲਾਇਰ ਹੈ। 31 ਮਾਰਚ 2014 ਤੱਕ ਇਹ ਦੁਨੀਆਂ ਦਾ ਸਭ ਤੋਂ ਉੱਚਾ ਫਲਾਇਰ ਸੀ। ਅਮਰੀਕਾ ਵਿਚ 550 ਫੁੱਟ ਦਾ ਫਲਾਇਰ ਬਣਨ ਨਾਲ ਹੁਣ ਦੂਜੇ ਨੰਬਰ 'ਤੇ ਆ ਗਿਆ ਹੈ। ਇਸ ਦੇ ਰਿਮ ਦੇ ਬਾਹਰਲੇ ਪਾਸੇ ਕੈਪਸੂਲ ਵਰਗੇ 28 ਵਾਤਾਨੁਕੂਲ ਕੈਬਿਨ ਲੱਗੇ ਹਨ ਅਤੇ ਹਰੇਕ ਵਿਚ 28 ਵਿਅਕਤੀ ਜਾ ਸਕਦੇ ਹਨ। ਮੈਰੀਨਾ ਬੇਅ ਵਿਚ ਲੱਗਿਆ ਇਹ ਪਹੀਆ ਅੱਧੇ ਘੰਟੇ ਵਿਚ ਸਿੰਗਾਪੁਰ ਦੀਆਂ ਆਧੁਨਿਕ ਝਲਕਾਂ ਦਿਖਾਉਂਦਾ ਹੈ। ਇਸ ਵਿਚ ਦਿਲ ਤੇ ਉੱਚ ਖ਼ੂਨ ਦਾਬ ਦੇ ਮਰੀਜ਼ (ਹਾਈ ਬਲੱਡ ਪ੍ਰੈਸ਼ਰ) ਵੀ ਇਸ ਪਹੀਏ ਦੇ ਹੁਲਾਰਿਆਂ ਨੂੰ ਮਾਣ ਸਕਦੇ ਹਨ। ਫਿਰ ਬੈਟਰੀ ਨਾਲ ਚਲਦੀ ਕਿਸ਼ਤੀ (ਹੈਰੀਟੇਜ ਬੋਟ ਰਾਈਡਿੰਗ) ਰਾਹੀਂ ਸਿੰਗਾਪੁਰ ਦਰਿਆ ਦੀ ਸੈਰ ਕਰਵਾਈ ਜਾਂਦੀ ਹੈ। ਸਮੇਂ ਅਨੁਸਾਰ ਦਰਿਆ ਕੰਢੇ 'ਤੇ ਵਾਪਰੀਆਂ ਘਟਨਾਵਾਂ ਅਤੇ ਤਬਦੀਲੀਆਂ ਦੀ ਕਹਾਣੀ ਦੱਸਦੀ ਜਾਂਦੀ ਹੈ। ਦਰਿਆ 'ਤੇ ਵੀਹਵੀਂ ਸਦੀ ਦੇ ਮੁੱਢ ਵਿਚ ਬਣੇ ਪੁਲ਼ ਗੌਰਵਮਈ ਲੱਗਦੇ ਹਨ। ਇਸ ਪਿੱਛੋਂ ਸੈਨਟੋਸਾ ਜਜ਼ੀਰੇ 'ਤੇ ਜਾਣ ਲਈ ਕੋਚ ਮਾਊਂਟ ਫੇਬਰ ਸਟੇਸ਼ਨ 'ਤੇ ਛੱਡ ਦਿੰਦੀ ਹੈ। ਬਾਕੀ ਸਾਰਾ ਦਿਨ ਸ਼ਾਮ ਤੱਕ ਪਹਿਲਾਂ ਖ਼ਰੀਦੀਆਂ ਟਿਕਟਾਂ ਮੁਤਾਬਿਕ ਗਤੀਵਿਧੀਆਂ ਦੇਖੀਆਂ ਜਾ ਸਕਦੀਆਂ ਹਨ। ਸਾਡੇ ਕੋਲ ਕੇਬਲ ਕਾਰ ਸਕਾਈਪਾਸ, ਤਿਤਲੀ ਪਾਰਕ, ਸਕਾਈ ਰਾਈਡ ਅਤੇ ਵਿੰਗਜ਼ ਆਫ਼ ਟਾਈਮ ਸ਼ੋਅ ਦੀਆਂ ਟਿਕਟਾਂ ਸਨ। ਕੇਬਲ ਕਾਰ ਵਿਚ ਚੜ੍ਹਾਈ ਬਹੁਤ ਆਨੰਦਮਈ ਹੁੰਦੀ ਹੈ। ਤਿਤਲੀ ਪਾਰਕ ਵਿਚ ਤਿਤਲੀਆਂ ਦਾ ਜਿਉਂਦਾ ਜਾਗਦਾ ਸੰਸਾਰ ਠਾਠਾਂ ਮਾਰ ਰਿਹਾ ਸੀ। ਪੰਛੀਆਂ ਨਾਲ ਵੀ ਸਾਹਮਣਾ ਹੁੰਦਾ ਹੈ। ਵੱਡਾ ਸਾਰਾ ਕਿਰਲਾਨੁਮਾ ਜਾਨਵਰ ਡਿਊਟੀ ਦੇ ਰਹੀਆਂ ਕੁੜੀਆਂ ਕੋਲ ਰੱਖਿਆ ਹੋਇਆ ਸੀ। ਜੇ ਪੰਛੀਆਂ ਨੂੰ ਹੱਥ 'ਤੇ ਬਿਠਾ ਕੇ ਫ਼ੋਟੋ ਲੈਣੀ ਹੋਵੇ ਤਾਂ ਪੈਸੇ ਦੇ ਕੇ ਕਰਾ ਸਕਦੇ ਹੋ। ਫਿਰ ਲੂਜ ਅਤੇ ਸਕਾਈਰਾਈਡ ਦਾ ਹੁਲਾਰਾ ਲਿਆ। ਇਹ ਤਿਤਲੀ ਪਾਰਕ ਦੇ ਬਿਲਕੁਲ ਨੇੜੇ ਹੈ, ਪਰ ਕੈਂਪਸ ਬਹੁਤ ਵੱਡਾ ਹੋਣ ਕਰਕੇ ਪਹਿਲੀ ਵਾਰ ਵਿਚ ਪਤਾ ਨਹੀਂ ਲੱਗਦਾ। ਢਲਾਣ ਉੱਤੇ ਲੋਕ ਘਿਸੜਣ ਵਾਲੀ ਸੀਟ 'ਤੇ ਬੈਠ ਕੇ (ਜਿਸ 'ਤੇ ਹੈਂਡਲ ਵੀ ਲੱਗਾ ਹੋਇਆ ਸੀ ਤੇ ਪਿਛਾਂਹ ਨੂੰ ਧੱਕੇ ਵਾਲੀ ਸਥਿਤੀ ਵਿਚ ਰੱਖ ਕੇ) ਥੱਲੇ ਨੂੰ ਕਾਫ਼ੀ ਤੇਜ਼ ਚਾਲ ਨਾਲ ਜਾ ਰਹੇ ਸਨ। ਫਿਰ ਕੇਬਲ ਰਾਹੀਂ ਚੱਲ ਰਹੀ ਸਕਾਈਰਾਈਡ ਰਾਹੀਂ ਵਾਪਸ ਆ ਸਕਦੇ ਹਨ। ਨਾਲ ਹੀ ਉਨ੍ਹਾਂ ਦੀ ਲੂਜ ਵੀ ਸਕਾਈਰਾਈਡ ਦੀ ਸੀਟ ਦੇ ਥੱਲੇ ਲਟਕ ਜਾਂਦੀ ਹੈ। ਸਾਡੇ ਲਈ ਇਹ ਬੜੀ ਮੁਸ਼ਕਿਲ ਸੀ। ਸਕਾਈਰਾਈਡ ਕੇਬਲ 'ਤੇ ਚੱਲਦੀ ਹੈ। ਸਕਾਈਰਾਈਡ ਦੀ ਸੀਟ 'ਤੇ ਸਾਵਧਾਨੀ ਨਾਲ ਬੈਠਣਾ ਪੈਂਦਾ ਹੈ ਕਿਉਂਕਿ ਇਹ ਰੁਕਦੀ ਨਹੀਂ, ਪਲੇਟਫਾਰਮ 'ਤੇ ਚੱਲਦੇ ਚੱਲਦੇ ਹੀ ਚੜ੍ਹਣਾ ਅਤੇ ਉਤਰਨਾ ਪੈਂਦਾ ਹੈ। ਫਿਰ ਅੱਗੇ ਬੈਲਟ ਲਗਾ ਦਿੰਦੇ ਹਨ। ਇਹ ਕੇਬਲ ਕਾਰ ਵਾਂਗ ਚਾਰੇ ਪਾਸੇ ਤੋਂ ਬੰਦ ਨਹੀਂ ਹੁੰਦਾ। ਇਉਂ ਸਮਝੋ ਜਿਵੇਂ ਤੁਸੀਂ ਬੈਂਚ 'ਤੇ ਬੈਠ ਕੇ ਖੁੱਲ੍ਹੇ ਆਸਮਾਨ ਵਿਚ ਜਾ ਰਹੇ ਹੋਵੋ। 15 ਮਿੰਟ ਵਿਚ ਅਸੀਂ ਥੱਲੇ ਪਹੁੰਚ ਗਏ। ਹੁਣ ਉੱਪਰ ਨੂੰ ਜਾਣਾ ਸੀ। ਤਜ਼ਰਬਾ ਹੋਣ ਕਾਰਨ ਹੁਣ ਹੋਰ ਵੀ ਚੰਗਾ ਲੱਗ ਰਿਹਾ ਸੀ। ਇਹ ਟਿਕਟ ਦੋ ਵਾਰ ਦੀ ਸਵਾਰੀ ਲਈ ਵਰਤੀ ਜਾ ਸਕਦੀ ਹੈ, ਪਰ ਅਸੀਂ ਇਕ ਵਾਰ ਵਿਚ ਹੀ ਸੰਤੁਸ਼ਟ ਹੋ ਗਏ।

ਹੁਣ ਵਿੰਗਜ਼ ਆਫ਼ ਟਾਈਮ ਸ਼ੋਅ ਦੀ ਵਾਰੀ ਸੀ ਜਿਹੜਾ ਰਾਤ ਦੇ 8.40 ਵਜੇ ਸ਼ੁਰੂ ਹੋਣਾ ਸੀ। ਹੁਣ ਤਿੰਨ ਘੰਟੇ ਦਾ ਵਕਤ ਸਾਡੇ ਲਈ ਆਰਾਮ ਕਰਨ ਅਤੇ ਆਲਾ-ਦੁਆਲਾ ਸਹਿਜੇ ਦੇਖਣ ਲਈ ਲਾਉਣ ਦਾ ਸੀ। ਨੇੜੇ ਹੀ ਇਕ ਬਹੁਤ ਉੱਚਾ ਟਾਵਰ ਸੀ। ਇਸ ਦੇ ਥੱਲੇ ਬਣੇ ਚੱਕਰਵਾਲਾ ਸ਼ੀਸ਼ੇ ਦੀ ਚਾਰਦੀਵਾਰੀ ਨਾਲ ਕੱਜਿਆ ਹੋਇਆ ਢਾਂਚਾ ਬੰਦ ਪਿਆ ਸੀ। ਇਹ ਟਾਵਰ ਸਮੁੰਦਰ ਤਲ ਤੋਂ 131 ਮੀਟਰ (430 ਫੁੱਟ) ਉੱਚਾ ਹੈ ਤੇ ਇਸ ਦੇ ਆਲੇ-ਦੁਆਲੇ ਬਣੇ ਵਾਤਾਨੁਕੂਲ ਕੈਬਿਨ ਵਿਚ 72 ਵਿਅਕਤੀ ਬੈਠ ਸਕਦੇ ਹਨ। ਟਾਵਰ ਦੁਆਲੇ ਇਹ ਘੁੰਮ ਕੇ ਉੱਪਰ ਉਚਾਈ ਵੱਲ ਵਧਦਾ ਹੈ ਤੇ ਸਾਰੇ ਸਿੰਗਾਪੁਰ ਦਾ ਨਜ਼ਾਰਾ ਦਿਸਦਾ ਹੈ। ਇਹ 2004 ਵਿਚ ਚਾਲੂ ਹੋਇਆ, ਪਰ ਵਾਰ ਵਾਰ ਨੁਕਸ ਪੈਣ ਕਾਰਨ ਦਸੰਬਰ 2018 ਵਿਚ ਬੰਦ ਕਰ ਦਿੱਤਾ ਗਿਆ।

ਹੁਣ ਵਿੰਗਜ਼ ਆਫ ਟਾਈਮ ਸ਼ੋਅ ਦੇ ਟਿਕਾਣੇ 'ਤੇ ਪਹੁੰਚਣਾ ਸੀ ਜਿਹੜਾ ਸਮੁੰਦਰ ਕਿਨਾਰੇ ਸਥਿਤ ਹੈ। ਇਸ ਥਾਂ ਤੋਂ ਪਲਾਵਨ ਬੀਚ ਕਿਨਾਰੇ ਸ਼ੋਅ ਦੇਖਣ ਲਈ ਪਹੁੰਚਣ ਦਾ ਰਸਤਾ ਵੀ ਬੜਾ ਸੁਆਦਲਾ ਹੈ। ਪਹਿਲਾਂ ਕੇਬਲ ਕਾਰ ਵਿਚ ਝੂਟੇ, ਫਿਰ ਥੋੜ੍ਹਾ ਜਿਹਾ ਅੱਗੇ ਤੁਰ ਕੇ ਦਿਓਕੱਦ ਸ਼ੇਰ ਦੇ ਬੁੱਤ ਕੋਲੋਂ ਲੰਘਦਿਆਂ ਫਿਰ ਮੈਟਰੋ ਦੇ ਝੂਟੇ ਲਏ ਜਾਂਦੇ ਹਨ। ਇਸ ਉਪਰੰਤ ਤੁਰਦੇ ਚੱਲਦੀਆਂ ਪੌੜੀਆਂ ਰਾਹੀਂ ਵਿੰਗਜ਼ ਆਫ਼ ਟਾਈਮ ਸ਼ੋਅ ਲਈ ਪਹੁੰਚ ਗਏ। ਅਜੇ ਵੀ ਇਕ ਘੰਟਾ ਬਾਕੀ ਸੀ। ਇਸ ਲਈ ਸਮੁੰਦਰ ਕੰਢੇ ਐਸਟਰੋਟਰਫ ਖੇਡ ਮੈਦਾਨ ਦੇਖਿਆ। ਇਸ ਮਗਰੋਂ ਚਾਲੀ ਮਿੰਟ ਦਾ ਲੇਜ਼ਰ ਸ਼ੋਅ ਦੇਖਿਆ ਜੋ ਸਮੁੰਦਰ ਵਿਚ ਬਣਾਈ ਸਟੇਜ 'ਤੇ ਦਿਖਾਇਆ ਜਾ ਰਿਹਾ ਸੀ।

ਹਨੇਰਾ ਹੋ ਜਾਣ ਨਾਲ ਸੈਨਟੋਸਾ ਵਿਚ ਇਕੱਠੇ ਹੋਏ ਲੋਕ ਆਪੋ ਆਪਣੇ ਹੋਟਲਾਂ ਵੱਲ ਜਾਣ ਲਈ ਵਹੀਰਾਂ ਘੱਤ ਲੈਂਦੇ ਹਨ। ਏਨੀ ਭੀੜ ਹੁੰਦੀ ਹੈ ਕਿ ਬਹੁਤ ਸਿਆਣਪ ਨਾਲ ਆਪਣੀ ਕੋਚ ਦੀ ਭਾਲ ਕਰਨ ਤੱਕ ਜੂਝਣਾ ਪੈਂਦਾ ਹੈ। ਸੰਪਰਕ ਕਰਨ ਵਿਚ ਬਹੁਤ ਚੌਕਸੀ ਦੀ ਲੋੜ ਪੈਂਦੀ ਹੈ। ਸੈਨਟੋਸਾ ਇਕ ਨਿੱਕਾ ਜਿਹਾ ਜਜ਼ੀਰਾ ਹੋਣ ਦੇ ਬਾਵਜੂਦ ਬਹੁਤ ਵੱਡਾ ਹਿੰਮਤੀ ਅਤੇ ਖਿੱਚ ਭਰਪੂਰ ਸੰਸਾਰ ਵਸਾਈ ਬੈਠਾ ਹੈ ਜਿਹੜਾ ਦੇਖੇ ਬਿਨਾਂ ਪਕੜ ਵਿਚ ਨਹੀਂ ਆ ਸਕਦਾ। ਅਗਲੇ ਦਿਨ ਯੂਨੀਵਰਸਲ ਸਟੂਡੀਓ ਅਤੇ ਸਮੁੰਦਰੀ ਅਕੁਏਰੀਅਮ ਦੇਖਣ ਦਾ ਸੀ। ਅਕੁਏਰੀਅਮ ਦੇਖਣ ਦਾ ਡੇਢ ਤੋਂ ਦੋ ਘੰਟੇ ਦਾ ਅਨੁਭਵ ਲਾਜਵਾਬ ਹੁੰਦਾ ਹੈ। ਸਮੁੰਦਰੀ ਜੀਵਨ ਸ਼ੀਸ਼ੇ ਵਿਚ ਦਿਖਾਇਆ ਗਿਆ ਹੈ। ਇਸ ਵਿਚ ਰੋਬੋਟ ਵੀ ਫਿਰਦੇ ਹਨ ਜਿਹੜੇ ਜਲ ਜੀਵਾਂ ਦੇ ਜੀਵਨ ਲਈ ਲੋੜੀਂਦੀ ਕਾਰਵਾਈ ਕਰਦੇ ਰਹਿੰਦੇ ਹਨ। ਪਹਿਲੀ ਵਾਰ ਦੇਖਿਆਂ ਭੁਲੇਖਾ ਲੱਗਦਾ ਹੈ ਜਿਵੇਂ ਇਨਸਾਨ ਲੋੜੀਂਦੇ ਕੱਪੜੇ ਪਹਿਨ ਕੇ ਵਿਚ ਫਿਰਦੇ ਹੋਣ। ਬਾਹਰ ਨਿਕਲਕੇ ਦੂਜੇ ਪਾਸੇ ਯੂਨੀਵਰਸਲ ਸਟੂਡੀਓ ਹੈ ਜਿਸ ਦੇ ਮੂਹਰੇ ਵੱਡਾ ਸਾਰਾ ਗਲੋਬ ਬਣਿਆ ਹੋਇਆ ਹੈ। ਪਹਿਲੇ ਦਿਨ ਦੀ ਮੋਬਾਈਲ ਨੈੱਟਵਰਕ ਦੀ ਸਮੱਸਿਆ ਨੂੰ ਸਟੂਡੀਓ ਦੇ ਵਾਈ-ਫਾਈ ਨਾਲ ਜੋੜ ਕੇ ਹੱਲ ਕੀਤਾ। ਫਿਰ ਘੁੰਮਣ ਲੱਗੇ। ਨਿਊਯਾਰਕ ਸ਼ਹਿਰ ਵਿਚ ਸਮੁੰਦਰੀ ਤੂਫ਼ਾਨ ਕਿਵੇਂ ਤਰਥੱਲੀ ਮਚਾਉਂਦਾ ਹੈ, ਉਸ ਦੀ ਅਸਲ ਕਹਾਣੀ ਪੇਸ਼ ਕਰਦਾ ਸ਼ੋਅ ਦੇਖਿਆ। ਇਸ ਵਿਚ ਬਿਜਲੀ ਦਾ ਕੜਕਣਾ ਅਤੇ ਤੂਫ਼ਾਨ ਗਜ਼ਬ ਦੇ ਢੰਗ ਨਾਲ ਦਿਖਾਇਆ ਹੋਇਆ ਸੀ। ਇਹ ਨਿਊਯਾਰਕ ਨਾਂ ਦੇ ਹਿੱਸੇ ਵਿਚ ਸੀ। ਇਸ ਸਟੂਡੀਓ ਦੇ ਅਗਲੇ ਹਿੱਸੇ ਹਨ- ਸਾਈ ਫਾਈ ਸਿਟੀ, ਐਨਸ਼ੀਐਂਟ ਮਿਸਰ, ਦਿ ਲੌਸਟ ਵਰਲਡ, ਫਾਰ ਫਾਰ ਅਵੇ, ਮੈਡਗਾਸਕਰ ਅਤੇ ਹੌਲੀਵੁੱਡ। ਸਾਰਾ ਕੁਝ ਇਕ ਦਿਨ ਵਿਚ ਨਹੀਂ ਦੇਖਿਆ ਜਾ ਸਕਦਾ। ਦੂਜਾ ਇਸ ਵਿਚ ਨੌਜਵਾਨਾਂ ਦੇ ਹੌਸਲੇ ਵਾਲੀਆਂ ਆਈਟਮਾਂ ਬਹੁਤ ਹਨ ਜਿਹੜੀਆਂ ਵੱਡੀ ਉਮਰ ਦੇ ਲੋਕ ਨਹੀਂ ਕਰ ਸਕਦੇ। ਫਿਰ ਅੱਗੇ ਤੁਰ ਪਏ। ਮਿਸਰ ਦੇ ਬੁੱਤਾਂ ਨੂੰ ਦੇਖ ਕੇ ਇਉਂ ਲੱਗਿਆ ਜਿਵੇਂ ਮਿਸਰ ਵਿਚ ਆ ਗਏ ਹੋਈਏ। ਮਿਸਰ ਦੀਆਂ 'ਮਮੀਆਂ' ਵੀ ਦਿਖਾਉਂਦੇ ਹਨ, ਪਰ ਉਸ ਵਿਚ ਝਟਕਿਆਂ ਵਾਲੇ ਰਸਤੇ ਤੋਂ ਗੁਜ਼ਰਨਾ ਪੈਂਦਾ ਹੈ। ਸਾਡੇ ਲਈ ਸੰਭਵ ਨਹੀਂ ਸੀ। ਬਣਾਵਟੀ ਉੱਚੀਆਂ ਲੱਤਾਂ 'ਤੇ ਮਿਸਰੀ ਨਾਚ ਕਰ ਰਿਹਾ ਸੀ ਜਿਸ ਕੋਲ ਲੋਕ ਵਾਰੋ ਵਾਰੀ ਹੱਥ ਮਿਲਾਉਂਦੇ ਤੇ ਫ਼ੋਟੋ ਖਿਚਵਾ ਕੇ ਆਨੰਦ ਮਾਣ ਰਹੇ ਸਨ। ਨੇੜੇ ਹੀ ਇਕ ਟਰੇਨ ਮਿਸਰੀ ਸੱਭਿਅਤਾ ਵਾਲੀਆਂ ਕ੍ਰਿਤਾਂ ਕੋਲ ਦੀ ਲੰਘਦੀ ਜਾਂਦੀ ਸੀ। ਇਹ ਨਜ਼ਾਰਾ ਸੌਖਾ ਤੇ ਆਨੰਦਮਈ ਸੀ। ਇਕ ਜਗ੍ਹਾ ਖਿਡੌਣਾ ਰੇਲ ਵਿਚ ਬਿਠਾ ਕੇ ਕਾਰਟੂਨਾਂ ਦੀ ਜਿਉਂਦੀ ਜਾਗਦੀ ਲੱਗਦੀ ਦੁਨੀਆਂ ਦੀ ਸੈਰ ਕਰਾਉਂਦੇ ਹਨ। ਵਾਪਸੀ ਦੇ ਰਸਤੇ 'ਤੇ ਟਰੱਕ ਵਿਚ ਇਕ ਬਣਾਉਟੀ ਡਾਇਨੋਸੋਰ ਡਾਂਸ ਕਰ ਰਿਹਾ ਸੀ। ਇਹ ਸਟੂਡੀਓ ਦੇਖਣ ਲਈ ਘੱਟੋ-ਘੱਟ ਦੋ-ਤਿੰਨ ਦਿਨ ਚਾਹੀਦੇ ਹਨ। 100 ਫ਼ੀਸਦੀ ਸ਼ਹਿਰੀ ਸੱਠ ਲੱਖ ਦੀ ਵਸੋਂ ਵਾਲਾ ਸਿੰਗਾਪੁਰ, ਮਲੇਸ਼ੀਆ ਪ੍ਰਾਇਦੀਪ ਦੇ ਦੱਖਣ ਵਿਚ ਹੀਰੇ ਦੇ ਨਗ ਵਾਂਗ ਸੁਸ਼ੋਭਿਤ ਹੈ। ਇਹ ਭੂ-ਮੱਧ ਰੇਖਾ ਦੇ ਉੱਤਰ ਵਿਚ 137 ਕਿਲੋਮੀਟਰ ਦੀ ਦੂਰੀ 'ਤੇ ਵਸਦਾ ਹੈ। ਦੱਖਣੀ ਏਸ਼ੀਆ ਦੀ ਸਭ ਤੋਂ ਵੱਡੀ ਬੰਦਰਗਾਹ ਹੈ ਜਿੱਥੇ ਸਮੁੰਦਰੀ ਜਹਾਜ਼ਾਂ ਦੀ ਆਵਾਜਾਈ ਦਿਨ ਰਾਤ ਲੱਗੀ ਰਹਿੰਦੀ ਹੈ। ਕਦੇ ਇਹ ਅੰਗਰੇਜ਼ਾਂ ਦੀ ਬਸਤੀ ਸੀ, ਪਰ 9 ਅਗਸਤ 1965 ਨੂੰ ਇਹ ਮਲੇਸ਼ੀਆ ਨਾਲੋਂ ਅਲੱਗ ਹੋ ਕੇ ਵੱਖਰਾ ਮੁਲਕ ਬਣ ਗਿਆ। ਨੇਤਾ ਲੀ ਕੁਆਨ ਈ ਨੇ ਤਿੰਨ ਦਹਾਕੇ ਇਸ ਮੁਲਕ ਦੀ ਵਾਗਡੋਰ ਸੰਭਾਲੀ ਜਿਸ ਨੂੰ ਮੌਜੂਦਾ ਸਿੰਗਾਪੁਰ ਦਾ ਪਿਤਾਮਾ ਮੰਨਿਆ ਜਾਂਦਾ ਹੈ। ਉਸ ਨੇ ਸਿੰਗਾਪੁਰ ਨੂੰ ਵਿਕਸਤ ਮੁਲਕਾਂ ਵਿਚ ਸ਼ੁਮਾਰ ਕਰਵਾਉਣ ਵਿਚ ਸਫ਼ਲਤਾ ਹਾਸਲ ਕੀਤੀ। ਇੱਥੇ ਖੇਤੀ ਨਹੀਂ ਹੁੰਦੀ ਤੇ ਪਾਣੀ ਵੀ ਮਲੇਸ਼ੀਆ ਤੋਂ ਆਉਂਦਾ ਹੈ, ਫਿਰ ਵੀ ਮਜ਼ਬੂਤ ਮੁਲਕ ਹੈ। ਦੁਨੀਆਂ ਦਾ ਇਕੱਲਾ ਸ਼ਹਿਰ ਹੈ ਜਿਹੜਾ ਮੁਲਕ ਦਾ ਰੁਤਬਾ ਵੀ ਰੱਖਦਾ ਹੈ। ਇੱਥੋਂ ਦਾ ਮੌਸਮ ਗਰਮ ਤੇ ਇਕਸਾਰ ਹੀ ਰਹਿੰਦਾ ਹੈ। ਨਵੰਬਰ ਤੋਂ ਮਾਰਚ ਤੱਕ ਮੀਂਹ ਪੈਂਦਾ ਹੈ। ਪਰਵਾਸੀਆਂ ਨਾਲ ਵਸਿਆ ਦੇਸ਼ ਹੈ ਜਿਸ ਵਿਚ 75 ਫ਼ੀਸਦੀ ਚੀਨੀ, 14 ਫ਼ੀਸਦੀ ਮਲਾਏ, 9 ਫ਼ੀਸਦੀ ਭਾਰਤੀ ਅਤੇ 2 ਫ਼ੀਸਦੀ ਹੋਰ ਮੁਲਕਾਂ ਦੇ ਪਿਛੋਕੜ ਵਾਲੇ ਲੋਕ ਹਨ। ਭਾਰਤੀਆਂ ਵਿਚੋਂ ਅੱਧੇ ਤੋਂ ਵੱਧ ਤਾਮਿਲ ਹਨ। ਇੱਥੇ ਚਾਰ ਭਾਸ਼ਾਵਾਂ ਨੂੰ ਮਾਨਤਾ ਹੈ: ਅੰਗਰੇਜ਼ੀ, ਮਲਾਏ, ਮੰਦਾਰਿਨ ਅਤੇ ਤਾਮਿਲ। ਦੋ ਭਾਸ਼ਾ ਨੀਤੀ ਨੂੰ ਲਾਗੂ ਕੀਤਾ ਗਿਆ ਹੈ ਜਿਸ ਵਿਚ ਪਹਿਲੀ ਅੰਗਰੇਜ਼ੀ ਅਤੇ ਦੂਜੀ ਮਾਤ ਭਾਸ਼ਾ ਹੁੰਦੀ ਹੈ। ਤਿੰਨ ਦਿਨ ਸਿੰਗਾਪੁਰ ਵਿਚ ਗੁਜ਼ਾਰ ਕੇ ਕੋਈ ਇਸ ਦੀ ਥਾਹ ਨਹੀਂ ਪਾ ਸਕਦਾ, ਏਨਾ ਕੁਝ ਦੇਖ ਕੇ ਸਿੰਗਾਪੁਰ ਨੂੰ ਭੁਲਾ ਵੀ ਨਹੀਂ ਸਕਦਾ।

# ਸਾਕਾ ਸਰਹਿੰਦ ਦੀ ਕਹਾਣੀ, ਰੰਗਾਂ ਦੀ ਜ਼ੁਬਾਨੀ



ਗਿਆਰਾਂ, ਬਾਰਾਂ, ਤੇਰ੍ਹਾਂ ਪੋਹ ਦੇ ਦਿਨਾਂ ਨੇ ਸਿੱਖ ਇਤਿਹਾਸ ਨੂੰ ਹੀ ਨਹੀਂ ਸਗੋਂ ਭਵਿੱਖ ਵਿਚ ਵੀ ਸਿੱਖਾਂ ਦੇ ਜੀਵਨ ਅਤੇ ਵਿਹਾਰ ਨੂੰ ਨਿਰੰਤਰ ਹਲੂਣਦੇ ਰਹਿਣਾ ਹੈ। ਇਹ ਯਾਦ ਕਰਾਉਂਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਨਿੱਕੇ ਬਾਲਾਂ ਜ਼ੋਰਾਵਰ ਸਿੰਘ (ਉਮਰ ਨੌਂ ਸਾਲ) ਅਤੇ ਫ਼ਤਿਹ ਸਿੰਘ (ਉਮਰ ਸੱਤ ਸਾਲ) ਨਾਲ ਕੀ-ਕੀ ਬੀਤੀ। ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਬਿੰਬ ਨੂੰ ਕਈ ਮੁਸੱਵਰਾਂ ਨੇ ਆਪੋ-ਆਪਣੇ ਅੰਦਾਜ਼ ਵਿਚ ਸਾਕਾਰ ਕੀਤਾ ਹੈ। ਜਿਵੇਂ ਦਾ ਚਿੱਤਰ ਉਸੇ ਅਨੁਰੂਪ ਉਸ ਦਾ ਪ੍ਰਭਾਵ ਦਰਸ਼ਕ ਉਪਰ ਪੈਂਦਾ ਹੈ। ਇਨ੍ਹਾਂ ਵਿਚੋਂ ਇਕ ਚਿਤੇਰਾ ਕਿਰਪਾਲ ਸਿੰਘ ਹੈ ਜਿਸ ਨੇ ਵਾਪਰੀ ਘਟਨਾ ਬਾਰੇ ਚਿੱਤਰ ਬਣਾਉਂਦਿਆਂ ਇਤਿਹਾਸ ਦੇ ਨਾਲ ਨਾਲ ਚੱਲਣ ਦੀ ਕੋਸ਼ਿਸ਼ ਕੀਤੀ ਹੈ।

ਦੋਵੇਂ ਸਾਹਿਬਜ਼ਾਦਿਆਂ ਨੂੰ ਵੇਲੇ ਦੇ ਹੁਕਮਰਾਨਾਂ ਨੇ ਨੀਹਾਂ ਵਿਚ ਚਿਣ ਕੇ ਆਪਣੇ ਆਪ ਨੂੰ ਸੁਰਖ਼ਰੂ ਸਮਝ ਲਿਆ। ਕੀ ਇਹਦੇ ਨਾਲ ਸਾਰਾ ਕੁਝ ਸ਼ਾਂਤ ਹੋ ਗਿਆ ? ਏਦਾਂ ਨਹੀਂ ਹੋਇਆ। ਇਤਿਹਾਸ ਆਪਣੀ ਤਰ੍ਹਾਂ ਆਪਣਾ ਰਾਹ ਬਣਾਉਂਦਾ ਹੈ।

ਆਨੰਦਪੁਰ ਸਾਹਿਬ ਨਿਵਾਸ ਕਰ ਰਹੇ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਾੜੀ ਰਾਜੇ ਆਪਣੇ ਲਈ ਸਦਾ ਖ਼ਤਰਾ ਸਮਝਦੇ ਰਹੇ। ਰਾਜਿਆਂ ਨੇ ਮੁਗ਼ਲਾਂ ਨਾਲ ਮਿਲ ਕੇ ਆਨੰਦਪੁਰ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ ਜਿਹੜਾ ਅੱਠ ਮਹੀਨਿਆਂ ਤੱਕ ਜਾਰੀ ਰਿਹਾ। ਅੰਨ ਦੀ ਕਮੀ ਦੇਖ ਕੁਝ ਸਿੱਖਾਂ ਨੇ ਮਾਤਾ ਗੁਜਰੀ ਤੱਕ ਪਹੁੰਚ ਕੀਤੀ। ਗੁਰੂ ਗੋਬਿੰਦ ਸਿੰਘ ਜੀ ਕਿਲ੍ਹਾ ਤਿਆਗ ਕੇ ਸਰਸਾ ਨਦੀ ਕਿਨਾਰੇ ਪਹੁੰਚੇ ਤਾਂ ਮੁਗ਼ਲ ਫ਼ੌਜ ਨੇ ਆਪਣਾ ਵਚਨ ਤੋੜ ਕੇ ਹਮਲਾ ਕਰ ਦਿੱਤਾ। ਉਸ ਵੇਲੇ ਸਰਸਾ ਨਦੀ ਉਫ਼ਾਨ 'ਤੇ ਸੀ। ਸਰਸਾ ਨਦੀ ਪਾਰ ਕਰਦਿਆਂ ਮਾਤਾ ਗੁਜਰੀ, ਜ਼ੋਰਾਵਰ ਸਿੰਘ, ਫ਼ਤਿਹ ਸਿੰਘ ਸਮੂਹ ਤੋਂ ਨਿੱਖੜ ਗਏ। ਪੋਹ ਮਹੀਨੇ ਦੀ ਰਾਤ ਨੂੰ ਠੰਢ ਸਿਖਰਾਂ ਦੀ ਸੀ। ਰਾਹ ਲੱਭ ਲੱਭ ਤੁਰ ਰਿਹਾਂ ਨੂੰ ਗੁਰੂ ਘਰ ਵਿਖੇ ਸੋਲ੍ਹਾਂ ਸਾਲ ਰਸੋਈਏ ਦਾ ਕੰਮ ਕਰ ਚੁੱਕਿਆ ਗੰਗੂ ਬ੍ਰਾਹਮਣ ਮਿਲ ਗਿਆ। ਉਹ ਤਿੰਨਾਂ ਨੂੰ ਆਪਣੇ ਨਾਲ ਆਪਣੇ ਪਿੰਡ ਸਹੇੜੀ ਲੈ ਗਿਆ। ਘਰ ਦਾ ਬੰਦਾ ਜਾਣ ਮਾਤਾ ਗੁਜਰੀ ਹਰ ਗੱਲ ਸਾਂਝੀ ਕਰਦੇ। ਸਥਿਤੀ ਤੋਂ ਜਾਣੂ ਹੋਣ ਤੋਂ ਇਲਾਵਾ ਧਨ ਤੇ ਕੀਮਤੀ ਵਸਤਾਂ ਨੇ ਉਸ ਦਾ ਮਨ ਮੈਲ ਨਾਲ ਭਰ ਦਿੱਤਾ। ਰਾਤ ਨੂੰ ਸਾਮਾਨ ਚੋਰੀ ਕਰ ਲਿਆ। ਸਵੇਰੇ ਪੁੱਛੇ ਜਾਣ 'ਤੇ ਉਸ ਨੇ ਆਪਣਾ ਗੁਨਾਹ ਸਵੀਕਾਰ ਨਾ ਕੀਤਾ ਸਗੋਂ ਇਨਾਮ ਦੇ ਲਾਲਚਵੱਸ ਮੋਰਿੰਡਾ ਦੇ ਕੋਤਵਾਲ ਨੂੰ ਜਾ ਖ਼ਬਰ ਕੀਤੀ। ਪੋਹ ਦੀ ਨੌਂ ਤਾਰੀਖ਼ ਨੂੰ ਤਿੰਨਾਂ ਨੂੰ ਸੂਬਾ ਸਰਹਿੰਦ ਵਜ਼ੀਰ ਖ਼ਾਨ ਦੇ ਹਵਾਲੇ ਕਰ ਦਿੱਤਾ ਗਿਆ।

ਜਿਸ ਕਿਲ੍ਹੇ ਦੇ ਬੁਰਜ ਵਿਚ ਤਿੰਨਾਂ ਨੂੰ ਕੈਦ ਕਰ ਰੱਖੇ ਜਾਣ ਦਾ ਹੁਕਮ ਦਿੱਤਾ ਗਿਆ ਸੀ ਉਸ ਦਾ ਬਿੰਬ ਇਸ ਚਿੱਤਰ ਵਿਚ ਦੇਖਣ ਨੂੰ ਮਿਲਦਾ ਹੈ। ਪਿਛੋਕੜ ਵਿਚ ਕਿਲ੍ਹੇ ਦੀ ਫਸੀਲ ਹੈ ਜਿਸ ਦੇ ਖੱਬੇ ਵੱਲ ਛੱਤਰੀਦਾਰ ਬੁਰਜ ਹੈ। ਬੁਰਜ ਤੱਕ ਪਹੁੰਚਣ ਉਤਰਨ ਹਿੱਤ ਢਾਲਵਾਂ ਘੁਮਾਦਾਰ ਰਾਹ ਹੈ। ਜੋ ਕੁਝ ਹੋ ਰਿਹਾ, ਓਵੇਂ ਪਹਿਲਾਂ ਕਦੇ ਨਹੀਂ ਹੋਇਆ।

ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫ਼ਤਿਹ ਸਿੰਘ ਨੂੰ ਕਚਹਿਰੀ ਵਿਚ ਪੇਸ਼ ਕੀਤਾ ਗਿਆ ਤਾਂ ਉਨ੍ਹਾਂ ਨੂੰ ਇਸਲਾਮ ਕਬੂਲਣ ਲਈ ਕਿਹਾ ਗਿਆ। ਜਿਸ ਨੂੰ ਕਬੂਲਣੋਂ ਉਨ੍ਹਾਂ ਨੇ ਨਾਂਹ ਕਰ ਦਿੱਤੀ। ਧਨ ਦਾ ਲਾਲਚ ਵੀ ਅਸਰ ਨਹੀਂ ਕਰ ਸਕਿਆ। ਕਿਹਾ ਗਿਆ ਕਿ ਤੁਹਾਡੇ ਪਿਤਾ ਨੂੰ ਮਾਰ ਦਿੱਤਾ ਹੈ ਅਤੇ ਹੁਣ ਤੁਸੀਂ ਅਨਾਥ ਤੇ ਬੇਸਹਾਰਾ ਹੋ ਗਏ ਹੋ। ਇਸ ਝੂਠ ਨੇ ਵੀ ਅਸਰ ਨਹੀਂ ਕੀਤਾ।

ਵਜ਼ੀਰ ਖ਼ਾਨ ਨੇ ਇਨ੍ਹਾਂ ?ਲਈ ਸਜ਼ਾ ਤਜਵੀਜ਼ ਕਰਨ ਵਾਸਤੇ ਕਾਜ਼ੀ ਕਮਾਲੁਦੀਨ ਅਤੇ ਕਾਜ਼ੀ ਸਲਾਹੁਦੀਨ ਨੂੰ ਆਖਿਆ। ਦੋਵੇਂ ਜਣਿਆਂ ਇਕ ਰਾਇ ਨਾਲ ਕਿਹਾ ਕਿ ਕੁਰਾਨ ਵਿਚ ਬੱਚਿਆਂ ਨੂੰ ਸਜ਼ਾ ਦੇਣ ਬਾਰੇ ਕੁਝ ਨਹੀਂ ਕਿਹਾ ਗਿਆ। ਇਸ ਦੇ ਬਾਵਜੂਦ ਦੋਵੇਂ ਭਰਾਵਾਂ ਨੂੰ ਸਜ਼ਾ ਦਿੱਤੀ ਜਾਂਦੀ ਚਿਤੇਰੇ ਦੀ ਕਿਰਤ ਸਪਸ਼ਟ ਬਿਆਨ ਕਰ ਰਹੀ ਹੈ।

ਵਜ਼ੀਰ ਖ਼ਾਨ ਨੇ ਮਾਲੇਰਕੋਟਲੇ ਦੇ ਨਵਾਬ ਮੁਹੰਮਦ ਸ਼ੇਰ ਖ਼ਾਨ ਨੂੰ ਕਿਹਾ ਕਿ ਉਹ ਇਨ੍ਹਾਂ ਬੱਚਿਆਂ ਨੂੰ ਸਜ਼ਾ ਦੇ ਕੇ ਆਪਣੇ ਭਰਾ ਨਾਹਰ ਖ਼ਾਨ ਦਾ ਬਦਲਾ ਲੈ ਲਵੇ ਜਿਹੜਾ ਚਮਕੌਰ ਦੀ ਜੰਗ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਹੱਥੋਂ ਮਾਰਿਆ ਗਿਆ ਸੀ। ਸ਼ੇਰ ਖ਼ਾਨ ਨੇ ਇਹ ਪੇਸ਼ਕਸ਼ ਇਹ ਕਹਿ ਕੇ ਠੁਕਰਾ ਦਿੱਤੀ ਕਿ ਮੈਂ ਬੱਚਿਆਂ ਤੋਂ ਬਦਲਾ ਨਹੀਂ ਲੈਣਾ, ਜੇ ਲਵਾਂਗਾ ਤਾਂ ਇਨ੍ਹਾਂ ਦੇ ਪਿਤਾ ਕੋਲੋਂ ਮੈਦਾਨ-ਏ-ਜੰਗ ਵਿਚ ਲਵਾਂਗਾ।

ਇਸ ਦ੍ਰਿਸ਼ ਵਿਚ ਨਵੇਂ ਪਾਤਰ ਦੀਵਾਨ ਸੁੱਚਾ ਨੰਦ ਨੇ ਪ੍ਰਵੇਸ਼ ਕੀਤਾ ਜੋ ਆਪਣੇ ਅਹੁਦੇ ਨੂੰ ਪੱਕਾ ਕਰਨ ਅਤੇ ਵਧਾਉਣ ਲਈ ਚਾਹੁੰਦਾ ਸੀ ਕਿ ਬੱਚਿਆਂ ਨੂੰ ਛੱਡਿਆ ਨਹੀਂ ਜਾਣਾ ਚਾਹੀਦਾ ਕਿਉਂਕਿ ਆਉਣ ਵਾਲੇ ਸਮੇਂ ਦੌਰਾਨ ਇਹ ਹਕੂਮਤ ਲਈ ਖ਼ਤਰਾ ਪੈਦਾ ਕਰ ਸਕਦੇ ਹਨ। ਉਸ ਨੇ ਤਰਕ ਦਿੱਤਾ ਕਿ ਸੱਪ ਦੇ ਬੱਚੇ ਵੱਡੇ ਹੋ ਕੇ ਸੱਪ ਹੀ ਬਣਨਗੇ। ਇਸ ਲਈ ਇਨ੍ਹਾਂ ਦੀਆਂ ਸਿਰੀਆਂ ਨੂੰ ਕੁਚਲਣਾ ਹੀ ਉਚਿਤ ਹੈ।

ਸੂਬਾ ਸਰਹਿੰਦ ਨੇ ਕਾਜ਼ੀਆਂ ਨੂੰ ਫ਼ੈਸਲਾ ਮੁੜ ਵਿਚਾਰਨ ਲਈ ਕਿਹਾ। ਇਲਜ਼ਾਮ ਸੀ ਕਿ ਉਹ ਹਕੂਮਤ ਦੇ ਪ੍ਰਤੀਕੂਲ ਵਿਚਾਰ ਰੱਖਦੇ ਹਨ, ਉਹ ਆਪਣਾ ਧਰਮ ਪਰਿਵਰਤਨ ਤੋਂ ਇਨਕਾਰੀ ਹਨ। ਹਕੂਮਤੀ ਦਬਾਅ ਕਾਰਨ ਕਾਜ਼ੀ ਨੇ ਦੋਵਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣੇ ਜਾਣ ਦੀ ਸਜ਼ਾ ਸੁਣਾਈ। ਪੋਹ ਮਹੀਨੇ ਦੀ ਤੇਰ੍ਹਾਂ ਤਾਰੀਖ਼ ਨੂੰ ਦੋਵਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ।

ਕਿਰਪਾਲ ਸਿੰਘ ਦੀ ਦ੍ਰਿਸ਼ ਰਚਨਾ ਲੰਮੇਰੇ ਆਕਾਰ ਵਾਲੀ ਹੈ। ਚਿੱਤਰ ਅਨੁਸਾਰ ਦਿਖਾਈ ਦੇ ਰਹੀ ਥਾਂ ਕਿਲ੍ਹੇ ਦਾ ਹੀ ਕੋਈ ਅੰਦਰੂਨੀ ਹਿੱਸਾ ਹੈ। ਜਗ੍ਹਾ ਬਾਹਰੀ ਦਖ਼ਲ ਤੋਂ ਪਰ੍ਹਾਂ ਅਤੇ ਸੁਰੱਖਿਅਤ ਹੈ। ਹਕੂਮਤ ਆਪਣੀ, ਸਿਪਾਹੀ ਆਪਣੇ, ਨਿਆਂ ਦੇਣ ਵਾਲੇ ਆਪਣੇ ਤਾਂ ਵੀ ਰਾਜ ਕਰਨ ਵਾਲਿਆਂ ਦੇ ਮਨਾਂ ਅੰਦਰ ਭੈਅ ਦਾ ਵਾਸਾ ਹੈ।

ਸਾਹਿਬਜ਼ਾਦਿਆਂ ਨੂੰ ਜੋ ਸਜ਼ਾ ਸੁਣਾਈ ਗਈ ਸੀ, ਇੱਥੇ ਉਸ ਨੂੰ ਵਿਹਾਰਕ ਰੂਪ ਦਿੱਤਾ ਜਾ ਰਿਹਾ ਹੈ। ਜਿਨ੍ਹਾਂ ?ਨੂੰ ਸਜ਼ਾ ਦਿੱਤੀ ਜਾ ਰਹੀ ਹੈ ਉਨ੍ਹਾਂ ਪੱਖੀ ਇਸ ਸਮੂਹ ਵਿਚ ਕੋਈ ਨਹੀਂ। ਅਤਿ ਦੀ ਕਰੀਬ ਰਹਿਣ ਵਾਲੀ ਦਾਦੀ ਬਹੁਤ ਦੂਰ ਨਹੀਂ, ਪਰ ਜੋ ਹੋ ਰਿਹਾ ਉਸ ਦੀ ਖ਼ਬਰ ਉਨ੍ਹਾਂ ਤੱਕ ਨਹੀਂ ਪਹੁੰਚੀ। ਜੇ ਕਿਲ੍ਹੇ ਦੇ ਅੰਦਰ ਇਹ ਹਾਲਾਤ ਹਨ ਤਾਂ ਕਿਲ੍ਹੇ ਦੇ ਬਾਹਰਲੇ ਸੰਸਾਰ ਬਾਰੇ ਸਹਿਜੇ ਸੋਚਿਆ ਜਾ ਸਕਦਾ ਹੈ।

ਦਿਨ ਠੰਢੇ ਸਨ। ਪੇਸ਼ ਹੋਇਆ ਸਮਾਂ ਬਾਅਦ ਦੁਪਹਿਰ ਦਾ ਲੱਗਦਾ ਹੈ। ਧੁੱਪ ਤੇਜ਼ ਹੈ। ਖੜ੍ਹੇ ਲੋਕਾਂ ਦੇ ਜਿਸਮਾਂ ਉਪਰ ਪੈ ਰਹੀ ਲੋਅ ਅਤੇ ਧਰਤੀ ਉਪਰ ਪੈ ਰਹੇ ਉਨ੍ਹਾਂ ਦੇ ਪਰਛਾਵੇਂ ਇਹੋ ਦੱਸ ਰਹੇ ਹਨ। ਉਪਰੋਂ ਸੱਜੇ ਵੱਲ ਦੀ ਲੋਅ ਕਿਲ੍ਹੇ ਦੀ ਫ਼ਸੀਲ ਨੂੰ ਥੋੜ੍ਹੀ-ਥੋੜ੍ਹੀ ਚਮਕ ਦੇ ਰਹੀ ਹੈ। ਕਿਲ੍ਹੇ ਦੀ ਕੰਧ ਵਾਪਰ ਰਹੀ ਘਟਨਾ ਤੋਂ ਕਾਫ਼ੀ ਵਿੱਥ ਉਪਰ ਹੈ ਜਿਹੜੀ ਇਕ ਤੋਂ ਦੂਜੇ ਸਿਰੇ ਤੱਕ ਫੈਲੀ ਹੋਈ ਹੈ। ਦਿਓਕੱਦ ਫ਼ਸੀਲ ਆਪਣੀ ਤਰ੍ਹਾਂ ਦਾ ਭੈਅ ਰਲਿਆ ਮਾਹੌਲ ਪੈਦਾ ਕਰ ਰਹੀ ਹੈ।

ਉਸਾਰੀ ਜਾ ਰਹੀ ਕੰਧ ਦੋਵਾਂ ਸਾਹਿਬਜ਼ਾਦਿਆਂ ਦੇ ਲੱਕ ਤੱਕ ਪਹੁੰਚਣ ਵਾਲੀ ਹੈ। ਦੀਵਾਰ ਦੋਵਾਂ ਦੁਆਲੇ ਘੁੰਮਦੀ ਘੁੰਮਦੀ ਜਦੋਂ ਇਨ੍ਹਾਂ ?ਦੇ ਮੋਢਿਆਂ ਤੱਕ ਪਹੁੰਚੇਗੀ, ਇਨ੍ਹਾਂ ?ਦੇ ਸਿਰ ਧੜੋਂ ਵੱਖ ਕਰ ਦਿੱਤੇ ਜਾਣਗੇ। ਕਿਰਪਾਲ ਸਿੰਘ ਉਸ ਮੰਜ਼ਰ ਨੂੰ ਨਹੀਂ ਸਗੋਂ ਉਸ ਤੋਂ ਪਹਿਲਾਂ ਦੀ ਹਾਲਤ ਬਿਆਨ ਰਿਹਾ ਹੈ। ਇਹ ਸਮਾਂ ਕਈ ਤਰ੍ਹਾਂ ਦੇ ਵਿਚਾਰਾਂ ਅਤੇ ਉਨ੍ਹਾਂ ਪ੍ਰਤੀ ਪ੍ਰਤੀਕਰਮਾਂ ਨੂੰ ਜਨਮ ਦੇਣ ਦੇ ਸਮਰੱਥ ਹੈ।

ਚਿੱਤਰ ਸੰਵਾਦ ਰਚ ਰਿਹਾ ਹੈ। ਜ਼ਰੂਰੀ ਨਹੀਂ ਇਹ ਸ਼ਾਬਦਿਕ ਹੋਵੇ। ਪਹਿਲਾਂ-ਪਹਿਲ ਸਾਡਾ ਧਿਆਨ ਦੋਵਾਂ ਭਰਾਵਾਂ ਵਿਚਾਲੇ ਹੈ। ਇਹ ਦਿੱਸਦੇ ਤੋਂ ਅਣਦਿਸਦੇ ਵੱਲ ਦੀ ਹੈ। ਫ਼ਤਿਹ ਸਿੰਘ ਵੱਡੇ ਭਰਾ ਵੱਲ ਵੇਖ ਰਹੇ ਹਨ ਜਿਨ੍ਹਾਂ ਦੇ ਦੋਵੇਂ ਹੱਥ ਕੰਧ ਵਿਚ ਆਉਣ ਵਾਲੇ ਹਨ। ਵੱਡੇ ਭਰਾ ਨੇ ਸੱਜੇ ਹੱਥ ਦੀ ਤਰਜਨੀ ਉਪਰ ਵੱਲ ਨੂੰ ਸੇਧੀ ਹੋਈ ਹੈ ਭਾਵੇਂ ਉਹ ਦੇਖ ਨਵਾਬ ਵੱਲ ਨੂੰ ਰਹੇ ਹਨ। ਇਹ ਦੁਵੱਲਾ ਸੰਵਾਦ ਹੈ। ਇਕ ਧਿਰ ਉਹ ਹੈ ਜੋ ਸਾਹਮਣੇ ਹੈ, ਸਪਸ਼ਟ ਹੈ, ਦਿਸ ਰਹੀ ਹੈ। ਦੂਜੀ ਧਿਰ (ਅਕਾਲ ਪੁਰਖ) ਸਾਹਮਣੇ ਨਹੀਂ, ਅਦਿੱਖ ਹੈ। ਦੋਵਾਂ ਧਿਰਾਂ ਵਿਚਾਲੇ ਸਾਂਝ ਜਿਹੀ ਕੋਈ ਸ਼ੈਅ ਨਹੀਂ। ਇਕ ਧਿਰ ਦੋਵਾਂ ਨੂੰ ਆਪਣੇ ਜਿਹਾ ਕਰਨਾ ਚਾਹੁੰਦੀ ਹੈ ਜਦੋਂਕਿ ਦੂਜੀ ਧਿਰ ਆਪਣੀ ਤਰ੍ਹਾਂ ਆਪਣਾ ਜੀਵਨ ਜਿਊਣਾ ਚਾਹੁੰਦੀ ਹੈ।

ਇਉਂ ਲੱਗਦਾ ਹੈ ਕਿ ਜੋ ਨਵਾਬ ਵੱਲੋਂ ਕਿਹਾ ਜਾ ਰਿਹਾ ਹੈ, ਹੋ ਰਿਹਾ ਹੈ। ਪਰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਵੱਲੋਂ ਕਹੇ ਜਾ ਰਹੇ ਬੋਲਾਂ ਵੱਲ ਕੋਈ ਧਿਆਨ ਨਹੀਂ ਦੇ ਰਿਹਾ।

ਅਸਾਵਾਂਪਣ ਇਸ ਦ੍ਰਿਸ਼ ਚਿੱਤਰ ਦਾ ਲੱਛਣ ਹੈ। ਚਿੱਤਰ ਦੀ ਹੋਂਦ ਇਸੇ ਉਪਰ ਟਿਕੀ ਹੈ। ਇਕ ਪਾਸੇ ਪੂਰਾ ਲਾਮ-ਲਸ਼ਕਰ ਹੈ। ਕੁਝ ਕੁ ਨੂੰ ਛੱਡ ਕੇ ਬਾਕੀ ਸਾਰੇ ਕਿਸੇ ਨਾ ਕਿਸੇ ਹਥਿਆਰ ਨਾਲ ਲੈਸ ਹਨ। ਲੱਗਦਾ ਹੈ ਸੱਤਾ ਆਪਣੀ ਤਾਕਤ ਦਾ ਪ੍ਰਦਰਸ਼ਨ ਹਥਿਆਰਾਂ ਦੇ ਦਿਖਾਵੇ ਰਾਹੀਂ ਕਰ ਰਹੀ ਹੈ। ਇਹ ਜਾਣਦਿਆਂ ਕਿ ਉਨ੍ਹਾਂ ਦੇ ਸਾਹਮਣੇ ਦੋ ਬਾਲਕ ਹਨ ਜਿਹੜੇ ਸ਼ਸ਼ਤਰਹੀਣ ਹਨ। ਨਤੀਜੇ ਨੂੰ ਪੂਰੀ ਤਰ੍ਹਾਂ ਜਾਣਦਿਆਂ ਵੀ ਇਨ੍ਹਾਂ ਬਾਲਕਾਂ ਪਾਸ ਈਨ ਨਾ ਮੰਨਣ ਅਤੇ ਨਾ ਝੁਕਣ ਦੀ ਹਿੰਮਤ ਹੈ।

ਨਵਾਬ ?ਵਜ਼ੀਰ ਖ਼ਾਨ ਪਾਸ ਸਿਪਾਹੀਆਂ ਦੀ ਸੁਰੱਖਿਆ ਤੋਂ ਇਲਾਵਾ ਕੁਰਾਨ ਦਾ ਆਸਰਾ ਵੀ ਹੈ। ਸੱਤਾਧਾਰੀ ਕੀ ਕਰ ਸਕਦਾ ਹੈ, ਉਸ ਦੀ ਝਲਕ ਇਸ ਘਟਨਾ ਵਿਚ ਦਰਜ ਹੈ। ਉਹ ਕਾਜ਼ੀਆਂ ਕੋਲੋਂ ਕੁਰਾਨ ਦੀ ਵਿਆਖਿਆ ਅਤੇ ਫਿਰ ਪੁਨਰ-ਵਿਆਖਿਆ ਕਰਵਾਉਂਦਾ ਹੈ ਤਾਂ ਕਿ ਆਪਣੇ ਮਨਸੂਬੇ ਵਿਚ ਕਾਮਯਾਬ ਹੋ ਸਕੇ। ਚਿੱਤਰ ਵਿਚ ਨਵਾਬ ਤੋਂ ਅੱਗੇ ਖੜ੍ਹੇ ਦੋ ਕਾਜ਼ੀ ਹਨ। ਬਜ਼ੁਰਗ ਹੱਥੋਂ ਖਾਲੀ ਹੈ ਜਦੋਂਕਿ ਦੂਸਰੇ ਦੇ ਹੱਥ ਕੁਰਾਨ ਫੜੀ ਹੋਈ ਹੈ। ਇਨ੍ਹਾਂ ?ਦੇ ਅੱਗੇ ਹੋਣ ਦਾ ਅਰਥ ਹੈ ਧਰਮ ਨੂੰ ਅੱਗੇ ਰੱਖਣਾ ਭਾਵੇਂ ਉਸ ਦੀ ਦੁਰਵਰਤੋਂ ਹੀ ਕੀਤੀ ਜਾਂਦੀ ਹੋਵੇ। ਰਾਜ ਭੋਗਣ ਵਾਲੇ ਪਿੱਛੇ ਖੜ੍ਹੇ ਹਨ।

ਇਹ ਅਸਾਵਾਂਪਣ ਹੀ ਹੈ ਕਿ ਕਈਆਂ ਦੇ ਦਰਮਿਆਨ ਦੋਵੇਂ ਸਾਹਿਬਜ਼ਾਦੇ ਇਕੱਲੇ ਹਨ। ਉਨ੍ਹਾਂ ਨੂੰ ਦੇਖਣ-ਸੁਣਨ ਅਤੇ ਆਸਰਾ ਦੇਣ ਵਾਲਾ ਕੋਈ ਨਹੀਂ। ਉਨ੍ਹਾਂ ਨੇ ਆਪਣੇ ਨੂੰ ਆਪ ਹੀ ਬਚਾਉਣਾ ਹੈ ਅਤੇ ਉਸ ਸਿੱਖਿਆ ਅਨੁਸਾਰ ਜਿਹੜੀ ਬਚਪਨ ਤੋਂ ਉਨ੍ਹਾਂ ਨੂੰ ਮਿਲਦੀ ਆ ਰਹੀ ਸੀ। ਸਥਿਤੀ ਦੇ ਅਨੁਰੂਪ ਉਨ੍ਹਾਂ ਦਾ ਭਵਿੱਖ ਨਿਸ਼ਚਿਤ ਕਰ ਦਿੱਤਾ ਗਿਆ ਹੈ। ਉਹ ਪਲ-ਪਲ ਡੋਲਦੇ ਲੋਕਾਂ ਅੱਗੇ ਅਡੋਲ ਖੜ੍ਹੇ ਹਨ।

ਸੂਬੇਦਾਰ ਵਜ਼ੀਰ ਖ਼ਾਨ ਸਾਦੇ ਲਿਬਾਸ ਪਾਈ ਧੌਣ ਉੱਚੀ ਕਰਕੇ ਖੜ੍ਹਾ ਹੈ। ਉਸ ਦੇ ਸਿਰ ਉਪਰ ਕਲਗੀ ਲੱਗੀ ਮੁਗ਼ਲਈ ਪੱਗ, ਨੀਲਾ ਚੋਲਾ, ਤੇੜ ਕਾਲੀ ਸਲਵਾਰ ਅਤੇ ਪੈਰੀਂ ਨੋਕਦਾਰ ਮਹਿੰਗੀ ਜੁੱਤੀ ਅਤੇ ਸੱਜੇ ਹੱਥ ਤਲਵਾਰ ਹੈ। ਉਸ ਦੇ ਰੁਤਬੇ ਨੂੰ ਹੋਰ ਨਿਖਾਰ ਦੇਣ ਲਈ ਇਕ ਅਹਿਲਕਾਰ 'ਪੱਤੇਨੁਮਾ' ਛਤਰ ਲਈ ਖੜ੍ਹਾ ਹੈ। ਇਹ ਕਢਾਈਦਾਰ, ਮੋਤੀ ਜੜਿਆ ਹੈ। ਉਸ ਨੂੰ ਹੋਰ ਤਾਕਤਵਰ ਬਣਾਉਣ ਹਿੱਤ ਸਿਪਾਹੀਆਂ ਦਾ ਲੰਮੇਰਾ ਇਕੱਠ ਹੈ।

ਇਸ ਦੇ ਮੁਕਾਬਲੇ ਦੋਵਾਂ ਸਾਹਿਬਜ਼ਾਦਿਆਂ ਦੀ ਸਥਿਤੀ ਭਿੰਨ ਹੈ। ਦੋਵਾਂ ਨੇ ਹਲਕੇ ਪੀਲੇ ਰੰਗ ਦੀਆਂ ਪੱਗਾਂ, ਚੋਲੇ ਪਹਿਨੇ ਹਨ। ਲੱਕ ਦੁਆਲੇ ਕਮਰਕੱਸੇ ਹਨ। ਪੱਗਾਂ ਉਪਰ ਕਲਗੀਆਂ ਲੱਗੀਆਂ ਹਨ। ਇਹ ਰਾਜ ਅਤੇ ਸੁਤੰਤਰਤਾ ਦਾ ਚਿੰਨ੍ਹ ਹੈ। ਦੋਵਾਂ ਦੇ ਸੀਸ ਦੁਆਲੇ 'ਪ੍ਰਕਾਸ਼ ਚੱਕਰ' ਹੈ।

ਦੋਵਾਂ ਧਿਰਾਂ ਦੇ ਆਪੋ-ਆਪਣੇ ਅਕੀਦੇ ਹਨ। ਚਿੱਤਰਕਾਰ ਸਾਹਿਬਜ਼ਾਦਿਆਂ ਨੂੰ ਅਚੇਤ-ਸੁਚੇਤ ਵੱਖਰੀ ਆਭਾ ਪ੍ਰਦਾਨ ਕਰ ਰਿਹਾ ਹੈ। ਚਿੱਤਰ ਵਿਚ ਜੋ ਹੈ ਅੱਗੇ ਵਧਦਿਆਂ ਉਹ ਇਤਿਹਾਸ ਵਿਚ ਪਕੇਰਾ ਹੋ ਜਾਵੇਗਾ। ਉਹ ਲਾਮਿਸਾਲ ਹੋ ਗੁਜ਼ਰੇਗਾ। ਉਸ ਦੇ ਚਿੰਨ੍ਹ ਪੇਂਟਿੰਗ ਵਿਚ ਮੌਜੂਦ ਹਨ। ਇਕ ਜੋ ਲਿਬਾਸ ਸਾਹਿਬਜ਼ਾਦਿਆਂ ਦਾ ਹੈ, ਹੋਰ ਕਿਸੇ ਦਾ ਨਹੀਂ। ਦੋ, ਉਮਰ ਵਿਚ ਘੱਟ ਹੋ ਦੇ ਨਾਲ ਨਾਲ ਉਹ ਕੱਦ ਵਿਚ ਵੀ ਛੋਟੇ ਹਨ। ਵਿੱਥ ਉਪਰ ਹੋਣ ਦੇ ਬਾਵਜੂਦ ਉਹ ਉਚੇਰੇ ਹਨ। ਨੇੜੇ ਜਾਂ ਦੂਰ ਖੜ੍ਹੇ ਲੋਕ ਉਨ੍ਹਾਂ ਵੱਲ ਸਿਰ ਉਠਾ ਕੇ ਦੇਖ ਰਹੇ ਹਨ।

ਬਿਰਤਾਂਤ ਤਾਂ ਇਸ ਚਿੱਤਰ ਦੇ ਬਾਅਦ ਵੀ ਤੁਰਦਾ ਹੈ। ਕਾਜ਼ੀਆਂ ਦੇ ਕਹੇ ਮੁਤਾਬਿਕ ਜਦ ਕੰਧ ਭੁਜੰਗੀਆਂ ਦੇ ਮੋਢਿਆਂ ਤੱਕ ਪਹੁੰਚ ਜਾਵੇ ਤਾਂ ਉਨ੍ਹਾਂ ਦੇ ਸਿਰਾਂ ਨੂੰ ਧੜ ਤੋਂ ਵੱਖ ਕਰ ਦਿੱਤਾ ਜਾਵੇ। ਇਹਦੇ ਲਈ ਇਕ ਜੱਲਾਦ ਨੰਗੀ ਤਲਵਾਰ ਲੈ ਕੇ ਬਿਲਕੁਲ ਤਿਆਰ ਖੜ੍ਹਾ ਹੈ।

ਜੋ ਕੁਝ ਹੋ ਰਿਹਾ ਹੈ ਉਸ ਦਾ ਵਿਰੋਧ ਕਰਨ ਵਾਲਾ ਇਸ ਹਜੂਮ ਦਾ ਹਿੱਸਾ ਨਹੀਂ। ਇਹ ਇਕੱਠ ਸਹਿਮਤੀ ਵਾਲਿਆਂ ਦਾ ਹੈ ਜੋ ਅਸਹਿਮਤ ਸਨ ਭੀੜ ਦਾ ਹਿੱਸਾ ਨਾ ਬਣੇ।

ਉਸਾਰੀ ਜਾ ਰਹੀ ਕੰਧ ਤੋਂ ਪਰ੍ਹਾਂ ਚੜ੍ਹਾਈਦਾਰ ਰਾਹ ਘੁੰਮਦਾ ਹੋਇਆ ਬੁਰਜ ਤੱਕ ਜਾਂਦਾ ਹੈ। ਬੁਰਜ ਸਭ ਤੋਂ ਉੱਚਾ ਹੈ, ਪਰ ਕੋਈ ਪਰਦਾ/ਓਹਲਾ ਨਹੀਂ। ਸਰਦ ਦਿਨਾਂ ਦੀਆਂ ਰਾਤਾਂ ਹੋਰ ਸਰਦ ਹੋ ਜਾਂਦੀਆਂ ਹਨ। ਚਲਦੀ ਹਵਾ ਅਤੇ ਉਚਾਈ ਥਾਂ ਨੂੰ ਕਹਿਰੀ ਬਣਾ ਦਿੰਦੀ ਹੋਵੇਗੀ। ਹੁਣ ਤੱਕ ਮਾਤਾ ਗੁਜਰੀ ਅਤੇ ਦੋਵੇਂ ਸਾਹਿਬਜ਼ਾਦੇ ਇਸੇ 'ਠੰਢੇ ਬੁਰਜ' ਵਿਚ ਰਾਤਾਂ ਗੁਜ਼ਾਰਦੇ ਆ ਰਹੇ ਸਨ। ਬੁਰਜ ਦੀ ਚਾਰਦੀਵਾਰੀ ਉਪਰ ਇਕ ਆਕਾਰ ਬੈਠਾ ਦਿਸ ਰਿਹਾ ਹੈ। ਇਹ ਮਾਤਾ ਗੁਜਰੀ ਹੀ ਹਨ। ਰਾਖੀ ਹਿੱਤ ਚੌਕੀਦਾਰ ਵੀ ਹੈ। ਉਹ ਦੂਰ ਬੈਠੇ ਹੋ ਰਹੀ ਹਲਚਲ ਨੂੰ ਦੇਖ ਸਕਦੇ ਹਨ। ਪਰ ਕੀ ਹੋ ਰਿਹਾ, ਉਸ ਦੀ ਭਿਣਕ ਵੀ ਨਹੀਂ ਮਿਲ ਰਹੀ। ਉਹ ਏਨੇ ਵੀ ਅਣਜਾਣ ਨਹੀਂ ਕਿ ਦੋਹਾਂ ਸਾਹਿਬਜ਼ਾਦਿਆਂ ਨਾਲ ਹੋਣ ਵਾਲੇ ਹਸ਼ਰ ਨੂੰ ਨਾ ਜਾਣਦੇ ਹੋ। ਪਰ ਕਰੂਰਤਾ ਦੀ ਕੀ ਸੀਮਾ ਹੋ ਸਕਦੀ ਹੈ। ਇਹੋ ਪੱਖ ਕਿਆਸਰਾਈ ਦੇ ਦਾਇਰੇ ਵਿਚ ਨਹੀਂ ਸੀ। ਚਿੱਤਰਕਾਰ ਪੂਰੇ ਕੈਨਵਸ ਨੂੰ ਰੰਗਣ ਲਈ ਘੱਟ ਰੰਗਾਂ ਦੀ ਵਰਤੋਂ ਕਰਦਾ ਹੈ। ਦੋ-ਚਾਰ ਰੰਗਾਂ ਦੇ ਨਾਂ ਲੈਣੇ ਹੋਣ ਤਾਂ ਉਹ ਸਿਆਹ, ਨੀਲਾ, ਪੀਲਾ, ਸਫ਼ੈਦ ਹਨ। ਸਾਰੀ ਉਸਾਰੀ, ਮਾਨਵੀ ਅਤੇ ਇਮਾਰਤੀ, ਹਲਕੇ ਭੂਰੇ ਰੰਗ ਦੀ ਜ਼ਮੀਨ ਉਪਰ ਖੜ੍ਹੀ ਹੈ। ਕਿਲ੍ਹੇ ਦੀ ਮਜ਼ਬੂਤ ਦੀਵਾਰ ਇਕੋ ਰੰਗ ਦੀ ਹੈ, ਪਰ ਚਿੱਤਰਕਾਰ ਵੱਲੋਂ ਬਣਾਏ ਨੋਕਦਾਰ, ਲਿਸ਼ਕਦੇ, ਸਿੱਧੇ ਖੜ੍ਹੇ ਬਰਛੇ ਇਕਰੰਗੀ ਪ੍ਰਭਾਵ ਤੋੜਦੇ ਹਨ। ਕਿਰਪਾਲ ਸਿੰਘ ਦੀਆਂ ਕਿਰਤਾਂ ਵਿਚ ਆਸਮਾਨ ਅਹਿਮ ਅੰਗ ਹੈ। ਇਹ ਇੱਥੇ ਵੀ ਹੈ, ਹਲਕੇ ਬੱਦਲਾਂ ਦੀ ਮੌਜੂਦਗੀ ਨਾਲ। ਚਿੱਤਰ ਤੋਂ ਅਗਾਂਹ ਤੁਰਦਾ ਬਿਰਤਾਂਤ ਹੋਰ ਦੁਖਦਾਈ ਹੋ ਗੁਜ਼ਰਦਾ ਹੈ। ਉਸਾਰੀ ਜਾ ਰਹੀ ਕੰਧ ਜਦ ਮੋਢਿਆਂ ਤੱਕ ਅਪੜਦੀ ਹੈ ਤਾਂ ਡਿੱਗ ਪੈਂਦੀ ਹੈ। ਜਿਸ ਕਰਕੇ ਸੱਟਾਂ ਨਾ ਸਹਾਰਦੇ ਹੋਏ ਸਾਹਿਬਜ਼ਾਦੇ ਬੇਹੋਸ਼ ਹੋ ਜਾਂਦੇ ਹਨ। ਇਸ ਵੇਲੇ ਕਾਜ਼ੀ ਹੁਕਮ ਦਿੰਦਾ ਹੈ ਕਿ ਦੋਵਾਂ ਨੂੰ ਜ਼ਿਬ੍ਹਾ ਕੀਤਾ ਜਾਏ। ਸਮਾਣੇ ਦੇ ਦੋ ਜੱਲਾਦ ਸੱਯਦ ਸ਼ਾਮਲ ਬੇਗ਼ ਅਤੇ ਸੱਯਦ ਬਾਸ਼ਲ ਬੇਗ ਦੋਵਾਂ ਨੂੰ ਆਪਣੇ ਗੋਡਿਆਂ ਥੱਲੇ ਲੈ ਕੇ ਉਨ੍ਹਾਂ ਦੇ ਸੀਨਿਆਂ ਵਿਚ ਖੰਜਰ ਖੋਭਦੇ ਹਨ। ਫੇਰ ਹੌਲੀ-ਹੌਲੀ ਜ਼ਿਬ੍ਹਾ ਕਰਦੇ ਹਨ। ਮਾਤਾ ਗੁਜਰੀ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਪਤਾ ਲੱਗਦਾ ਹੈ ਤਾਂ ਉਹ ਬੁਰਜ ਤੋਂ ਛਾਲ ਮਾਰ ਦਿੰਦੇ ਹਨ।

ਤਿੰਨੋਂ ਜੀਆਂ ਨੂੰ ਖਾਣ-ਪੀਣ ਲਈ ਕੁਝ ਨਹੀਂ ਦਿੱਤਾ ਜਾਂਦਾ ਸੀ। ਸਖ਼ਤ ਨਿਗਰਾਨੀ ਦੇ ਬਾਵਜੂਦ ਮੋਤੀ ਰਾਮ ਮਹਿਰਾ ਦੁੱਧ-ਪਾਣੀ ਦੀ ਸੇਵਾ ਕਰਦਾ ਰਿਹਾ। ਹਕੂਮਤ ਨੂੰ ਉਸ ਦੇ ਕੰਮ ਦਾ ਪਤਾ ਲੱਗਣ 'ਤੇ ਉਸ ਸਾਰੇ ਪਰਿਵਾਰ ਨੂੰ ਕੋਹਲੂ ਵਿਚ ਪੀੜ ਕੇ ਕੀਤੀ ਨੇਕੀ ਦਾ ਬਦਲਾ ਲਿਆ ਗਿਆ। ਵਜ਼ੀਰ ਖ਼ਾਨ ਦੀ ਬੇਗ਼ਮ ਜੈਨੁਬਨਿਸਾਂ ਨੂੰ ਜਦ ਸ਼ਹੀਦੀ ਦਾ ਪਤਾ ਲੱਗਿਆ ਤਾਂ ਉਸ ਨੇ ਘਰ ਆਏ ਖਾਵੰਦ ਦਾ ਲਿਬਾਸ ਪਾੜ ਦਿੱਤਾ। ਛੇਕੜ ਆਪਣੇ ਸੀਨੇ ਵਿਚ ਖੰਜਰ ਖੋਭ ਲਿਆ।

ਸੂਬਾ ਸਰਹੰਦ ਨੇ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦਾ ਸਸਕਾਰ ਕਰਨ ਲਈ ਥਾਂ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਸਮੇਂ ਸੂਬਾ ਸਰਹਿੰਦ ਦਾ ਅਹਿਲਕਾਰ, ਪਰ ਗੁਰੂ ਘਰ ਦਾ ਸ਼ਰਧਾਲੂ ਦੀਵਾਰ ਟੋਡਰ ਮੱਲ ਸਾਹਮਣੇ ਆਇਆ। ਉਸ ਨੇ ਖੜ੍ਹੀਆਂ ਅਸ਼ਰਫੀਆਂ ਹੱਥ ਸਸਕਾਰ ਲਈ ਜ਼ਮੀਨ ਖ਼ਰੀਦੀ। ਇਸੇ ਥਾਂ ਗੁਰਦੁਆਰਾ ਜੋਤੀ ਸਰੂਪ ਸੁਸ਼ੋਭਿਤ ਹੈ।

ਸੰਪਰਕ: 98990-91186

# ਤਲਾਕ ਕਰਵਾਉਣ ਖਾਤਰ ਸਹੁਰੇ ਕੀ-ਕੀ ਨਹੀਂ ਕਰਦੇ ?

'ਤਲਾਕ'.!!! ਪਤੀ ਪਤਨੀ ਦਾ ਰਿਸ਼ਤਾ ਖਤਮ ਹੋ ਜਾਣਾ ਹੀ ਤਲਾਕ ਹੁੰਦੀ ਹੈ। ਦਰਅਸਲ, ਤਲਾਕ ਵੀ ਉਦੋਂ ਹੀ ਹੁੰਦਾ ਹੈ, ਜਦੋਂਕਿ ਪਤੀ ਪਤਨੀ ਇਕ ਦੂਜੇ ਨਾਲ ਰਹਿਣ ਤੋਂ ਸਹਿਮਤ ਨਹੀਂ ਹੁੰਦੇ ਜਾਂ ਫਿਰ ਉਨ੍ਹਾਂ ਦੇ ਵਿਚਕਾਰ ਲੜਾਈ ਝਗੜੇ ਚੱਲਦੇ ਰਹਿੰਦੇ ਹਨ। ਸਾਡੇ ਭਾਰਤ ਦੇ ਅੰਦਰ ਤਲਾਕ ਲੈਣ ਜਾਂ ਫਿਰ ਦੇਣ ਵਾਲਿਆਂ ਦੀ ਗਿਣਤੀ ਦਿਨ ਪ੍ਰਤੀ ਦਿਨ ਵੱਧਦੀ ਜਾ ਰਹੀ ਹੈ, ਜਿਸ ਦਾ ਸਭ ਤੋਂ ਵੱਡਾ ਕਾਰਨ ਜਿਥੇ ਸ਼ੋਸਲ ਮੀਡੀਆ ਦੱਸਿਆ ਜਾ ਰਿਹਾ ਹੈ, ਉਥੇ ਹੀ ਮੋਬਾਈਲ ਫੋਨ 'ਤੇ ਘੰਟਿਆਂ ਬੱਧੀ ਹੁੰਦੀਆਂ ਗੱਲਾਂ ਵੀ ਤਲਾਕ ਦਾ ਮੁੱਖ ਕਾਰਨ ਮੰਨੀਆਂ ਗਈਆਂ ਹਨ।

ਦਰਅਸਲ, ਸਾਡੇ ਸਮਾਜ ਵਿਚ ਜਦੋਂ ਕੋਈ ਮਰਦ ਅਤੇ ਔਰਤ ਦਾ ਤਲਾਕ ਹੁੰਦਾ ਹੈ ਤਾਂ ਉਦੋਂ ਇਕ ਵੱਡੀ ਪੰਚਾਇਤ ਬੈਠੀ ਹੁੰਦੀ ਹੈ ਅਤੇ ਨਾਲ ਹੀ ਸਬੰਧਤ ਥਾਣੇ ਦੀ ਪੁਲਿਸ ਵੀ ਹੁੰਦੀ ਹੈ, ਜੋ ਕਿ ਉਕਤ ਦੋਵੇਂ ਪਰਿਵਾਰਾਂ ਨੂੰ ਬੈਠਾ ਕੇ ਪਹਿਲੋਂ ਤਾਂ ਰਾਜੀਨਾਮਾ ਕਰਵਾਉਣ ਬਾਰੇ ਸੋਚਦੇ ਹਨ ਅਤੇ ਜਦੋਂ ਦੋਵੇਂ ਪਰਿਵਾਰ ਨਹੀਂ ਮੰਨਦੇ ਤਾਂ ਤਲਾਕ ਦੇਣ ਦੀ ਨੌਬਤ ਆ ਜਾਂਦੀ ਹੈ। ਕਈ ਕੁੜੀਆਂ ਤਾਂ ਪਤੀਆਂ ਦੇ ਨਸ਼ੇੜੀ ਹੋਣ ਜਾਂ ਫਿਰ ਦਾਜ਼ ਦੀ ਮੰਗ ਦੇ ਕਾਰਨ ਹੀ ਤਲਾਕ ਦੇਣ ਨੂੰ ਤਿਆਰ ਹੋ ਜਾਂਦੀਆਂ ਹਨ। ਕਿਉਂਕਿ ਲੜਕੀਆਂ ਚਾਹੁੰਦੀਆਂ ਹੁੰਦੀਆਂ ਹਨ ਕਿ ਉਨ੍ਹਾਂ ਦਾ ਪਤੀ ਸਾਦੀ ਜਿੰਦਗੀ ਜੀਵੇ, ਪਰ ਪਤੀ ਵਲੋਂ ਕੀਤਾ ਜਾ ਰਿਹਾ ਨਸ਼ਾ ਕਈ ਵਾਰ ਉਸ ਨੂੰ ਮੌਤ ਦੇ ਮੂੰਹ ਵਿਚ ਵੀ ਲੈ ਜਾਂਦਾ ਹੈ।

ਵੇਖਿਆ ਜਾਵੇ ਤਾਂ "ਤਲਾਕ" ਸ਼ਬਦ ਦੀ ਇਸ ਸਮੇਂ ਦੁਰਵਰਤੋਂ ਵੀ ਹੋ ਰਹੀ ਹੈ। ਕਈ ਲੋਕ ਝੂਠੀਆਂ ਤਲਾਕ ਦੀਆਂ ਦਰਖਾਸਤਾਂ ਬਣਾ ਕੇ ਜਿਥੇ ਮਾਣਯੋਗ ਅਦਾਲਤਾਂ ਨੂੰ ਗੁੰਮਰਾਹ ਕਰ ਰਹੇ ਹਨ, ਉਥੇ ਹੀ ਸਾਹਮਣੇ ਵਾਲੇ ਪਰਿਵਾਰ ਨਾਲ ਵੀ ਧੋਖਾ ਕਰ ਰਹੇ ਹਨ। ਤਾਜ਼ਾ ਸਾਹਮਣੇ ਆਏ ਮਾਮਲੇ ਵਿਚ ਵੀ ਕੁਝ ਇਸ ਤਰ੍ਹਾ ਦਾ ਹੀ ਹੋਇਆ ਜਾਪ ਰਿਹਾ ਹੈ। ਜਾਣਕਾਰੀ ਮੁਤਾਬਿਕ 1 ਵਿਆਹੁਤਾ ਲੜਕੀ ਦੇ ਸਹੁਰੇ ਪਰਿਵਾਰ ਵਲੋਂ ਉਸ ਦਾ ਜਾਅਲੀ ਮਾਫੀਨਾਮਾ ਆਪਣੇ ਲੜਕੇ ਦਾ 'ਤਲਾਕ' ਕਰਵਾਉਣ ਖਾਤਰ ਤਿਆਰ ਕਰਵਾਇਆ ਹੈ।

ਜਦੋਂ ਇਸ ਗੱਲ ਦਾ ਪਤਾ ਲੜਕੀ ਦੇ ਪਰਿਵਾਰ ਵਾਲਿਆਂ ਨੂੰ ਲੱਗਿਆ ਤਾਂ ਉਨ੍ਹਾਂ ਨੇ ਤੁਰੰਤ ਵੋਮੈਨ ਥਾਣੇ ਸ਼ਿਕਾਇਤ ਦਰਜ ਕਰਵਾਈ। ਵੋਮੈਨ ਪੁਲਿਸ ਵਲੋਂ ਮਾਮਲੇ ਦੀ ਇੰਨਵੈਸਟੀਗੇਸ਼ਨ ਕਰਨ ਤੋਂ ਬਾਅਦ ਸਹੁਰੇ ਪਰਿਵਾਰ ਦੇ ਤਿੰਨ ਜੀਆਂ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ। ਮਾਮਲੇ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਕੁੜੀ ਦੇ ਪਿਤਾ ਦੱਸਿਆ ਕਿ ਉਸ ਦੀ ਲੜਕੀ ਦਾ ਵਿਆਹ ਰਵਿਸ਼ ਨੰਦਾ ਨਾਲ 13 ਫਰਵਰੀ 2015 ਨੂੰ ਹੋਇਆ ਸੀ।ਕੁੜੀ ਦੇ ਪਿਤਾ ਨੇ ਦੋਸ਼ ਲਗਾਉਂਦਿਆ ਹੋਇਆ ਦੱਸਿਆ ਕਿ ਲੜਕੀ ਨੂੰ ਉਸ ਦੇ ਸਹੁਰਾ ਪਰਿਵਾਰ ਵਲੋਂ ਤੰਗ ਕਰਨ 'ਤੇ ਮੁੱਦਈ ਨੇ ਆਪਣੀ ਲੜਕੀ ਨੂੰ ਵਿਦੇਸ਼ ਨਿਊਜ਼ੀਲੈਂਡ ਅਗਸਤ 2015 ਵਿਚ ਉਸ ਦੇ ਪਤੀ ਕੋਲ ਭੇਜ ਦਿੱਤਾ ਸੀ, ਜਿਥੇ ਲੜਕੀ ਦੇ ਇਕ ਲੜਕੀ ਤੇ ਇਕ ਲੜਕੇ ਨੇ ਜਨਮ ਲਿਆ। ਕੁੜੀ ਦੇ ਪਿਤਾ ਨੇ ਦੋਸ਼ ਲਗਾਇਆ ਕਿ ਉਸ ਦੀ ਲੜਕੀ ਨੂੰ ਉਸ ਦਾ ਸਹੁਰਾ ਪਰਿਵਾਰ ਘੱਟ ਦਾਜ ਲਿਆਉਣ ਖਾਤਰ ਤੰਗ ਪ੍ਰੇਸ਼ਾਨ ਕਰਦੇ ਸਨ ਅਤੇ ਲੜਕੀ ਦੇ ਸਹੁਰੇ ਵਲੋਂ ਜਾਅਲੀ ਮਾਫੀਨਾਮਾ ਲੜਕੀ ਤੋਂ ਆਪਣੇ ਲੜਕੇ ਦਾ ਤਲਾਕ ਨਿਊਜ਼ੀਲੈਂਡ ਵਿਚ ਕਰਵਾਉਣ ਖਾਤਰ ਤਿਆਰ ਕਰਵਾਇਆ ਹੈ। ਕੁੜੀ ਦੇ ਪਿਤਾ ਨੇ ਦੋਸ਼ ਲਗਾਇਆ ਕਿ ਜਦੋਂ ਉਨ੍ਹਾਂ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਨ੍ਹਾਂ ਵਲੋਂ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ। ਪੁਲਿਸ ਨੇ ਦੋਵੇਂ ਪਰਿਵਾਰਾਂ ਨੂੰ ਬਿਠਾ ਕੇ ਰਾਜੀਨਾਮਾ ਕਰਵਾਉਣ ਦੀ ਕੋਸ਼ਿਸ਼ ਕੀਤੀ, ਪਰ ਲੜਕੀ ਦਾ ਸਹੁਰਾ ਪਰਿਵਾਰ ਆਪਣੀ ਗਲਤੀ ਮੰਨਣ ਨੂੰ ਤਿਆਰ ਹੀ ਨਹੀਂ ਸੀ। ਕੁੜੀ ਦੇ ਪਿਤਾ ਨੇ ਦੱਸਿਆ ਕਿ ਉਕਤ ਮਾਮਲੇ ਦੀ ਕਰੀਬ 6 ਮਹੀਨੇ ਇੰਨਕੁਆਰੀ ਚੱਲਣ ਤੋਂ ਬਾਅਦ ਵੋਮੈਨ ਪੁਲਿਸ ਵਲੋਂ ਲੜਕੀ ਦਾ ਸਹੁਰਾ ਪਰਿਵਾਰ ਮੁਲਜ਼ਮ ਪਾਇਆ ਗਿਆ।

# ਬੱਚਿਆਂ ਅਤੇ ਨੌਜਵਾਨਾਂ ਵਿੱਚ ਆਨਲਾਈਨ ਗੇਮਾਂ ਦਾ ਵੱਧਦਾ ਰੁਝਾਨ

## ਮੌਤ ਦਾ ਕਾਰਨ



ਅੱਜ ਦਾ ਯੁੱਗ ਇੰਟਰਨੈਟ ਦਾ ਯੁੱਗ ਹੈ। ਅੱਜ ਕੱਲ੍ਹ ਬਹੁਤ ਸਾਰੇ ਕੰਮ ਇੰਟਰਨੈੱਟ ਦੇ ਜ਼ਰੀਏ ਹੀ ਹੋ ਜਾਂਦੇ ਨੇ। ਲੋਕ ਆਪਣੇ ਮੋਬਾਇਲ ਵਿਚ ਬਹੁਤ ਸਾਰੇ ਐਪਸ ਡਾਊਨਲੋਡ ਕਰਕੇ ਉਹਨਾਂ ਦੇ ਜ਼ਰੀਏ ਆਪਣਾ ਕੰਮ ਘਰ ਬੈਠੇ ਹੀ ਕਰ ਲੈਂਦੇ ਹਨ। ਹੁਣ ਬਹੁਤ ਸਾਰੇ ਕੰਮ ਜਿਵੇਂ ਬਿਜਲੀ ਦਾ ਬਿੱਲ ਭਰਨਾ ਆਦਿ ਹੁਣ ਘਰ ਬੈਠੇ ਹੀ ਹੋ ਜਾਂਦੇ ਹਨ। ਇਸ ਤਰ੍ਹਾਂ ਜਿੱਥੇ ਲੋਕਾਂ ਦੇ ਸਮੇਂ ਦੀ ਬਹੁਤ ਬੱਚਤ ਹੋਈ ਹੈ ਉਥੇ ਹੀ ਇੰਟਰਨੈੱਟ ਦੇ ਗ਼ਲਤ ਉਪਯੋਗ ਨਾਲ ਇਸ ਦੀਆ ਹਾਨੀਆਂ ਵੀ ਬਹੁਤ ਹੋਈਆਂ ਹਨ। ਇਸ ਦੀਆਂ ਹਾਨੀਆਂ ਦੀ ਜੇ ਗੱਲ ਕੀਤੀ ਜਾਵੇ ਤਾਂ ਇਸਦੇ ਗ਼ਲਤ ਉਪਯੋਗ ਨਾਲ਼ ਬਹੁਤ ਸਾਰੀਆਂ ਹਨੀਆਂ ਵੀ ਹੁੰਦੀਆਂ ਹਨ। ਇੰਟਰਨੈੱਟ ਉੱਤੇ ਬਹੁਤ ਸਾਰੀਆਂ ਆਨ ਲਾਈਨ ਗੇਮਾਂ ਹਨ ਜਿਵੇਂ ਬਲੂ ਵੇਲ੍ਹ, ਕੈਂਡੀ ਕ੍ਰਸ਼, ਪੱਬ ਜੀ ਆਦਿ। ਇਹ ਸਾਰੀਆਂ ਗੇਮਾਂ ਇੰਟਰਨੈੱਟ ਉੱਤੇ ਆਨ ਲਾਈਨ ਖੇਡੀਆਂ ਜਾਂਦੀਆਂ ਹਨ। ਇਹ ਗੇਮਾਂ ਬਹੁਤ ਪ੍ਰਚੱਲਿਤ ਹੋ ਗਈਆਂ ਹਨ। ਬੱਚੇ ਅਤੇ ਨੌਜਵਾਨ ਇਹਨਾਂ ਗੇਮਾਂ ਨੂੰ ਬਹੁਤ ਸ਼ੌਂਕ ਨਾਲ ਖੇਡਦੇ ਹਨ। ਕਈ ਬੱਚੇ ਤਾਂ ਅਜਿਹੇ ਵੀ ਨੇ ਜੋ ਅੱਧੀ-ਰਾਤ ਨੂੰ ਵੀ ਇਹਨਾਂ ਗੇਮਾਂ ਤੇ ਲੱਗੇ ਰਹਿੰਦੇ ਹਨ। ਖੇਡਾਂ ਦਾ ਜੇ ਅਰਥ ਦੱਸੀਏ ਤਾਂ ਖੇਡ ਉਹ ਹੈ ਜੋ ਅਸੀਂ ਆਪਣੇ ਕੰਮ-ਕਾਜ ਤੋਂ ਬਾਅਦ ਆਪਣੇ ਵਿਹਲੇ ਸਮੇਂ ਵਿੱਚ ਆਪਣੇ ਮਨੋਰੰਜਨ ਲਈ ਅਤੇ ਆਪਣੇ ਮਨ ਨੂੰ ਸ਼ਾਂਤੀ ਦੇਣ ਲਈ ਜੋ ਕੰਮ ਕਰਦੇ ਹਾਂ ਉਸ ਨੂੰ ਖੇਡ ਕਹਿੰਦੇ ਹਨ। ਖੇਡਾਂ ਘਰ ਦੇ ਅੰਦਰ ਅਤੇ ਖੇਡ ਦੇ ਮੈਦਾਨ ਵਿੱਚ ਖੇਡੀਆਂ ਜਾਣ ਵਾਲੀਆਂ ਵੀ ਹੁੰਦੀਆਂ ਹਨ। ਪਰ ਅੱਜ ਦੇ ਬੱਚੇ ਅਤੇ ਨੌਜਵਾਨ ਇਹਨਾਂ ਮੈਦਾਨ ਵਿੱਚ ਖੇਡੀਆਂ ਜਾਣ ਵਾਲੀਆਂ ਖੇਡਾਂ ਨੂੰ ਖੇਡਣ ਦੀ ਬਜਾਏ ਆਨ ਲਾਈਨ ਖੇਡਾਂ ਖੇਡਣਾ ਹੀ ਪਸੰਦ ਕਰਦੇ ਹਨ। ਜੋ ਕਿ ਬਹੁਤ ਗਲਤ ਹੈ। ਇਹ ਗੇਮਾਂ ਜਿਥੇ ਬੱਚਿਆਂ ਦੀ ਅੱਖਾਂ ਦੀ ਰੌਸ਼ਨੀ ਨੂੰ ਕਮਜ਼ੋਰ ਕਰ ਰਹੀਆਂ ਹਨ ਉੱਥੇ ਹੀ ਇਹਨਾਂ ਨੇ ਬੱਚਿਆ ਦਾ ਧਿਆਨ ਪੜ੍ਹਾਈ ਵਲੋਂ ਹਟਾ ਕੇ ਆਪਣੇ ਵੱਲ ਕਰ ਲਿਆ ਹੈ। ਇਹਨਾਂ ਆਨ ਲਾਈਨ ਗੇਮਾਂ ਦੀ ਸਭ ਤੋਂ ਵੱਡੀ ਹਾਨੀ ਤਾਂ ਇਹ ਹੈ ਕਿ ਇਹਨਾਂ ਨੂੰ ਖੇਡਣ ਨਾਲ ਬਹੁਤ ਸਾਰੇ ਬੱਚੇ ਆਤਮ ਹੱਤਿਆ ਵਰਗੇ ਕੰਮ ਵੀ ਕਰਨ ਲੱਗ ਜਾਂਦੇ ਹਨ। ਇਹਨਾਂ ਆਨ ਲਾਈਨ ਗੇਮਾਂ ਵਿੱਚ ਕੁੱਝ ਅਜਿਹੀਆਂ ਚੁਣੌਤੀਆਂ ਦਿਤੀਆਂ ਜਾਂਦੀਆਂ ਹਨ। ਜਿਨਾਂ ਨੂੰ ਪੂਰਾ ਕਰਨਾ ਕਿਸੇ ਦੇ ਵੀ ਵੱਸ ਦੀ ਗੱਲ ਨਹੀਂ, ਅਤੇ ਆਖ਼ਰ ਨੂੰ ਉਹ ਬੱਚਾ ਜਾਂ ਨੌਜਵਾਨ ਜੋ ਇਹ ਗੇਮ ਖੇਡਦਾ ਹੈ ਉਹ ਆਪਣੇ ਆਪ ਨੂੰ ਮੌਤ ਦੇ ਹਵਾਲੇ ਕਰ ਦਿੰਦਾ ਹੈ। ਪਹਿਲਾ ਸ਼ੁਰੂਆਤ ਵਿੱਚ ਤਾਂ ਕੁੱਝ ਕੁ ਸੋਖੀਆਂ ਅਤੇ ਅਸਾਨ ਜਿਹੀਆਂ ਚੁਣੌਤੀਆਂ ਦਿੱਤੀਆਂ ਜਾਂਦੀਆਂ ਹਨ ਤੇ ਹੌਲੀ-ਹੌਲੀ ਇਹ ਚਣੌਤੀਆਂ ਔਖੀਆਂ ਕਰ ਦਿੱਤੀਆਂ ਜਾਂਦੀਆ ਹਨ। ਇਸ ਸਟੇਜ ਤੇ ਆ ਕੇ ਬੱਚੇ ਡਿਪ੍ਰੈਸ਼ਨ ਵਿੱਚ ਚਲੇ ਜਾਂਦੇ ਹਨ ਤੇ ਆਪਣੇ ਆਪ ਨੂੰ ਬਸ ਗੇਮ ਦੇ ਹਵਾਲੇ ਹੀ ਕਰ ਦਿੰਦੇ ਹਨ। ਪਿਛਲੇ ਦਿਨੀਂ ਫਿਰੋਜ਼ਪੁਰ ਦੇ ਪਿੰਡ ਬਾਜ਼ੀਦਪੁਰ ਤੋਂ ਵੀ ਇੱਕ ਅਜਿਹੀ ਹੀ ਘਟਨਾ ਸਾਹਮਣੇ ਆਈ ਹੈ।ਇਸ ਪਿੰਡ ਦਾ ਇਕ ਨੌਜਵਾਨ ਵੀ " ਪੱਬਜੀ" ਗੇਮ ਦਾ ਸ਼ਿਕਾਰ ਹੋ ਗਿਆ। ਇਸ ਨੌਜਵਾਨ ਦੀ ਉਮਰ 18 ਸਾਲ ਦੀ ਸੀ ਤੇ ਇਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਉਸ ਨੇ ਗੇਮ ਦੇ ਬਹਿਕਾਵੇ ਵਿੱਚ ਆ ਕੇ ਆਪਣੇ ਘਰ ਦੇ ਕੋਲੋਂ ਲੰਘਦੀ ਗੰਗ ਨਹਿਰ ਵਿੱਚ ਸ਼ਾਲ ਮਾਰ ਕੇ ਆਪਣੇ ਆਪ ਨੂੰ ਮੌਤ ਦੇ ਹਵਾਲੇ ਕਰ ਦਿੱਤਾ। ਅਜਿਹੀਆਂ ਹੀ ਹੋਰ ਵੀ ਬਹੁਤ ਸਾਰੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਪਰ ਇਸ ਤਰ੍ਹਾਂ ਹੋਣ ਵਾਲੀਆਂ ਘਟਨਾਵਾਂ ਨੂੰ ਰੋਕਣ ਲਈ ਕੋਈ ਵੀ ਪ੍ਰਬੰਧ ਨਹੀਂ ਕੀਤਾ ਜਾਂਦਾ।ਮਾਪਿਆਂ ਨੂੰ ਇਸ ਗੱਲ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਕਿ ਜਦੋਂ ਵੀ ਉਹਨਾਂ ਦਾ ਬੱਚਾ ਆਪਣੇ ਮੋਬਾਈਲ ਫ਼ੋਨ ਦੀ ਵਰਤੋਂ ਜ਼ਿਆਦਾ ਕਰਨ ਲਗੇ ਤਾਂ ਉਸ ਉੱਤੇ ਨਜ਼ਰ ਰੱਖ ਕੇ ਉਸ ਨੂੰ ਸਮਝਾਇਆ ਜਾਵੇ ਕਿ ਇਸ ਤਰ੍ਹਾਂ ਦੀਆਂ ਗੇਮਾਂ ਨਾਲ ਕੋਈ ਲਾਭ ਨਹੀਂ ਹੋਣਾ। ਬਸ ਹਾਨੀ ਹੀ ਹੋਣੀ ਹੈ। \

***ਗੀਤਾ ਜੋਸਨ ਮੋ:9646568045***

## ਦਬਾਓ ਅਤੇ ਤਣਾਓ





ਦਬਾਓ ਅਤੇ ਤਣਾਓ ਦੀ ਸਮੱਸਿਆ ਮਾਨਸਿਕ ਹੁੰਦੀ ਹੈ, ਅਸਰ ਸਰੀਰਕ ਹੁੰਦਾ ਹੈ। ਪ੍ਰਗਟਾਵਾ, ਗ਼ਲਤੀਆਂ ਅਤੇ ਵਿਗੜੇ ਵਿਹਾਰ ਰਾਹੀਂ ਹੁੰਦਾ ਹੈ ਅਤੇ ਭੁਗਤਿਆ ਰੋਗ ਰਾਹੀਂ ਜਾਂਦਾ ਹੈ। ਦਬਾਓ ਅਕਸਰ ਕੰਮ ਦਾ ਤੇ ਤਣਾਓ ਰਿਸ਼ਤੇ ਦਾ ਹੁੰਦਾ ਹੈ। ਆਰਥਿਕ, ਰਾਜਨੀਤਕ ਅਤੇ ਕੰਮਕਾਜੀ ਸਮੱਸਿਆਵਾਂ ਦਬਾਓ ਉਪਜਾਉਂਦੀਆਂ ਹਨ ਜਦੋਂਕਿ ਸਮਾਜਿਕ ਅਤੇ ਪਰਿਵਾਰਕ ਸਮੱਸਿਆਵਾਂ ਤਣਾਓ ਪੈਦਾ ਕਰਦੀਆਂ ਹਨ। ਘਰੋਂ ਬਾਹਰ ਅਸੀਂ ਅਕਸਰ ਦਬਾਓ ਅਧੀਨ ਹੁੰਦੇ ਹਾਂ। ਜਦੋਂਕਿ ਘਰ ਅੰਦਰ ਪਰਿਵਾਰਕ ਲੋੜਾਂ ਪੂਰੀਆਂ ਨਾ ਕਰ ਸਕਣ ਕਾਰਨ ਅਤੇ ਪਤੀ-ਪਤਨੀ ਦੇ ਸਬੰਧ ਸੁਖਾਵੇਂ ਨਾ ਹੋਣ ਕਾਰਨ ਤਣਾਓ ਹੁੰਦਾ ਹੈ। ਇਹ ਦੋਵੇਂ ਸਥਿਤੀਆਂ ਢਹਿੰਦੀ ਕਲਾ ਉਪਜਾਉਂਦੀਆਂ ਹਨ। ਜੇ ਮਨੁੱਖ ਤਣਾਓ-ਮੁਕਤ ਹੋਵੇ ਤਾਂ ਉਹ ਦਬਾਓ ਬਰਦਾਸ਼ਤ ਕਰ ਲੈਂਦਾ ਹੈ। ਜੇ ਦਬਾਓ ਵੀ ਹੋਵੇ ਅਤੇ ਤਣਾਓ ਦਾ ਵੀ ਸਾਹਮਣਾ ਹੋਵੇ ਤਾਂ ਸਥਿਤੀ ਗੰਭੀਰ ਹੋ ਜਾਂਦੀ ਹੈ। ਪੁਰਸ਼ ਵੱਲੋਂ ਇਸਤਰੀ ਉੱਤੇ ਦਬਾਓ ਪਾਉਣ ਅਤੇ ਇਸਤਰੀ ਵੱਲੋਂ ਪੁਰਸ਼ ਵਿਚ ਤਣਾਓ ਉਪਜਾਉਣ ਦੀ ਅਥਾਹ ਸਮਰੱਥਾ ਹੁੰਦੀ ਹੈ। ਇਹ ਸਥਿਤੀ ਅਕਸਰ ਆਤਮਘਾਤ ਅਤੇ ਤਲਾਕ ਦਾ ਕਾਰਨ ਬਣ ਜਾਂਦੀ ਹੈ। ਸ਼ੁੱਧ ਦਬਾਓ ਅਤੇ ਖਾਲਸ ਤਣਾਓ ਸੰਭਵ ਨਹੀਂ ਹੁੰਦਾ। ਭਾਰਤ ਵਿਚ ਇਨ੍ਹਾਂ ਦੋ ਸੰਕਲਪਾਂ ਨੂੰ ਅਕਸਰ ਰਲਗੱਡ ਕਰ ਦਿੱਤਾ ਜਾਂਦਾ ਹੈ। ਅਜੋਕੇ ਜੀਵਨ ਵਿਚ ਪ੍ਰਾਇਮਰੀ ਜਮਾਤਾਂ ਦੇ ਵਿਦਿਆਰਥੀਆਂ ਤੋਂ ਲੈ ਕੇ ਬਜ਼ੁਰਗਾਂ ਤਕ ਹਰੇਕ ਵਿਅਕਤੀ ਕਿਸੇ ਨਾ ਕਿਸੇ ਦਬਾਓ ਅਧੀਨ ਅਤੇ ਤਣਾਓਗ੍ਰਸਤ ਹੈ ਜਿਸ ਕਾਰਨ ਢਹਿੰਦੀ ਕਲਾ ਬੜੀ ਵਿਆਪਕ ਹੈ।

ਦਬਾਓ-ਤਣਾਓ ਹਮੇਸ਼ਾ ਹੀ ਰਿਹਾ ਹੈ। ਹਰੇਕ ਜੀਵ ਅਨੇਕਾਂ ਵਾਰ ਦਬਾਓ-ਤਣਾਓ ਦਾ ਸ਼ਿਕਾਰ ਹੁੰਦਾ ਹੈ, ਪਰ ਜੇ ਇਨ੍ਹਾਂ ਦੀ ਮਾਤਰਾ ਬਹੁਤ ਅਧਿਕ ਹੋ ਜਾਵੇ ਤਾਂ ਯੋਗ-ਗੁਰੂ, ਹਕੀਮ, ਡਾਕਟਰ ਜਾਂ ਸਲਾਹਕਾਰ ਕੋਲ ਜਾਣਾ ਪੈਂਦਾ ਹੈ। ਜੇ ਅਜਿਹੀ ਸਥਿਤੀ ਲਗਾਤਾਰ ਜਾਰੀ ਰਹੇ ਤਾਂ ਇਹ ਸ਼ੱਕਰ-ਰੋਗ ਜਾਂ ਦਿਲ ਦੇ ਰੋਗਾਂ ਦੀ ਸਮੱਸਿਆ ਬਣ ਜਾਂਦੀ ਹੈ। ਕਿਸੇ ਵੱਲੋਂ ਵਧੇਰੇ ਗ਼ੈਰਹਾਜ਼ਰ ਰਹਿਣ ਜਾਂ ਵਧੇਰੇ ਛੁੱਟੀਆਂ ਲੈਣ ਦਾ ਕਾਰਨ ਅਕਸਰ ਕੰਮ ਪ੍ਰਤੀ ਉਸ ਦੀ ਅਸੰਤੁਸ਼ਟਤਾ ਹੁੰਦੀ ਹੈ। ਇਕ ਵਿਅਕਤੀ ਨੂੰ ਆਪਣੇ ਕੰਮ ਨਾਲ ਨਫ਼ਰਤ ਸੀ, ਪਰ ਫਿਰ ਵੀ ਨੌਕਰੀ ਇਸ ਲਈ ਕਰੀ ਜਾਂਦਾ ਸੀ ਕਿਉਂਕਿ ਦਫ਼ਤਰ ਘਰ ਦੇ ਨੇੜੇ ਸੀ ਅਤੇ ਕੰਮ ਬਹੁਤਾ ਨਹੀਂ ਸੀ। ਇਕ ਇਸਤਰੀ ਦਾ ਪਤੀ ਦੌਰੇ 'ਤੇ ਰਹਿੰਦਾ ਸੀ, ਬੱਚੇ ਵਿਦੇਸ਼ ਸਨ। ਉਸ ਨੇ ਆਤਮਘਾਤ ਦਾ ਯਤਨ ਨਿਰੋਲ ਅਕੇਵੇਂ ਕਾਰਨ ਕੀਤਾ, ਪਰ ਸਫਲ ਨਾ ਹੋਈ। ਅਜਿਹੇ ਵਿਅਕਤੀ ਦੀ ਨਿਰੰਤਰ ਨਿਗਰਾਨੀ ਕਰਨੀ ਪੈਂਦੀ ਹੈ ਜਿਹੜੀ ਨਿਗਰਾਨੀ ਕਰਨ ਵਾਲੇ ਵਿਚ ਨਿਰਾਸ਼ਾ ਉਪਜਾਉਂਦੀ ਹੈ। ਇਕ ਵਿਅਕਤੀ ਨੂੰ ਆਪਣੀ ਪਤਨੀ ਦੇ ਚਰਿੱਤਰ 'ਤੇ ਸ਼ੱਕ ਸੀ। ਪਤੀ, ਪਤਨੀ ਨਾਲੋਂ ਵੱਖ ਰਹਿੰਦਾ ਸੀ, ਉਹ ਤਲਾਕ ਲੈ ਸਕਦਾ ਸੀ, ਪਰ ਉਸ ਨੇ ਪਤਨੀ ਨੂੰ ਸਬਕ ਸਿਖਾਉਣ ਦੇ ਮਨੋਰਥ ਅਧੀਨ ਆਪਣੇ ਤਿੰਨ ਭਰਾਵਾਂ ਨਾਲ ਰਲ ਕੇ ਉਸ ਦਾ ਕਤਲ ਕਰ ਦਿੱਤਾ ਅਤੇ ਹਰ ਕਿਸੇ ਲਈ ਮੁਸੀਬਤ ਉਪਜਾ ਦਿੱਤੀ। ਕਈ ਵਿਦਿਆਰਥੀ ਆਪਣੀ ਸਮਰੱਥਾ ਨਾਲੋਂ ਵਧੇਰੇ ਮੁਸ਼ਕਿਲ ਕੋਰਸ ਵਿਚ ਦਾਖਲ ਹੋਣ ਦੇ ਦਬਾਓ-ਤਣਾਓ ਦੇ ਸ਼ਿਕਾਰ ਹੋ ਕੇ ਨਸ਼ੇ ਕਰਨ ਲੱਗ ਪੈਂਦੇ ਹਨ ਜਾਂ ਗੈਂਗ ਉਸਾਰਨ ਲੱਗ ਪੈਂਦੇ ਹਨ। ਸੜਕੀ ਮੌਤਾਂ ਦੀ ਵਧਦੀ ਗਿਣਤੀ ਦਾ ਮੁੱਖ ਕਾਰਨ ਕਾਹਲ ਅਤੇ ਤਣਾਓ ਹੁੰਦਾ ਹੈ। ਦਬਾਓ ਅਧੀਨ ਕਿਸਾਨ ਆਤਮਘਾਤ ਕਰ ਰਹੇ ਹਨ। ਦਬਾਓ-ਤਣਾਓ ਕਾਰਨ ਹੀ ਇਸਤਰੀਆਂ ਠੰਢੀਆਂ ਅਤੇ ਪੁਰਸ਼ ਨਿਪੁੰਸਕ ਹੋ ਰਹੇ ਹਨ।

ਜੀਵਨ ਵਿਚ ਦਬਾਓ-ਤਣਾਓ ਵਧਣ ਦਾ ਕਾਰਨ ਉਦਯੋਗਿਕ ਕਰਾਂਤੀ ਦੇ ਫਲਸਰੂਪ ਜੀਵਨ ਦਾ ਸ਼ਹਿਰੀਕਰਨ ਹੋਣਾ ਹੈ। ਸ਼ਹਿਰਾਂ ਵਿਚ ਜੀਵਨ ਦੀ ਰਫ਼ਤਾਰ ਤੇਜ਼ ਹੋਈ ਹੈ ਅਤੇ ਹਰ ਕੋਈ ਦੌੜ ਰਿਹਾ ਮਹਿਸੂਸ ਕਰਦਾ ਹੈ। ਪਹਿਲਾਂ ਦਬਾਓ-ਤਣਾਓ ਦੀ ਸਮੱਸਿਆ ਸ਼ਹਿਰਾਂ ਵਿਚ ਹੀ ਸੀ, ਪਰ ਸੌਖੇ ਸੰਚਾਰ ਕਾਰਨ ਸੂਚਨਾ ਅਤੇ ਸਮਝ ਵਧਣ ਕਾਰਨ ਹਰ ਖੇਤਰ ਵਿਚ ਮੁਕਾਬਲਾ ਅਤੇ ਹਰ ਗੱਲ ਦਾ ਵਿਸ਼ਲੇਸ਼ਣ ਹੋਣ ਲੱਗ ਪਿਆ ਹੈ। ਹਰ ਵਰਤਾਰੇ ਅਤੇ ਕਥਨ ਵਿਚ ਕੰਘੀ ਫੇਰਨ ਦੀ ਆਦਤ ਕਾਰਨ ਧਰਮ ਦੀਆਂ ਸਹਿਜ ਜੀਵਨ ਵਾਲੀਆਂ ਕਦਰਾਂ-ਕੀਮਤਾਂ ਖੁਰਨ ਲੱਗ ਪਈਆਂ ਹਨ ਅਤੇ ਪਿਓ-ਪੁੱਤਰ ਦਾ ਸਹਿਯੋਗੀ ਰਿਸ਼ਤਾ, ਵਿਰੋਧੀ ਰਿਸ਼ਤਾ ਬਣਦਾ ਜਾ ਰਿਹਾ ਹੈ। ਸੰਚਾਰ ਸਹੂਲਤਾਂ ਕਾਰਨ ਨਾਜਾਇਜ਼ ਸਬੰਧਾਂ ਦੇ ਵਧਣ ਕਰਕੇ ਪਰਿਵਾਰ ਟੁੱਟ ਰਹੇ ਹਨ। ਹੁਣ ਜਦੋਂ ਕਿਸੇ ਨੂੰ ਆਪਣੀਆਂ ਪ੍ਰੇਸ਼ਾਨੀਆਂ ਦੱਸੋਗੇ, ਅੱਗੋਂ ਦੁੱਗਣੀਆਂ ਤਿੱਗਣੀਆਂ ਸੁਣਨੀਆਂ ਪੈਣਗੀਆਂ। ਬਹੁਤੇ ਪਿਓ-ਪੁੱਤਰ ਰੁੱਸੇ ਹੋਏ ਹਨ ਅਤੇ ਬਹੁਤੀਆਂ ਮਾਵਾਂ-ਧੀਆਂ ਇਕ-ਦੂਜੀ 'ਤੇ ਸ਼ੱਕ ਕਰਦੀਆਂ ਹਨ। ਇਨ੍ਹਾਂ ਸਾਰੇ ਕਾਰਨਾਂ ਕਰਕੇ ਤਣਾਓ-ਦਬਾਓ ਦੀ ਸਮੱਸਿਆ ਤੋਂ ਹਰ ਕੋਈ ਪੀੜਤ ਹੋਣ ਕਰਕੇ ਇਸ ਨੂੰ ਨਿਯੰਤਰਨ ਵਿਚ ਰੱਖਣ ਦੇ ਕੋਰਸ ਕਰਵਾਏ ਜਾ ਰਹੇ ਹਨ। ਹਰੇਕ ਵਿਅਕਤੀ ਦੀ ਸਮੱਸਿਆ ਵੱਖਰੀ ਹੈ, ਸੋ ਇਲਾਜ ਵੀ ਵੱਖਰਾ ਹੋਵੇਗਾ। ਜਿਵੇਂ ਇਕ ਵਿਅਕਤੀ ਨੂੰ ਤੀਹ ਸਾਲ ਤੋਂ ਇਹ ਤੌਖ਼ਲਾ ਪ੍ਰੇਸ਼ਾਨ ਕਰ ਰਿਹਾ ਸੀ ਕਿ ਉਸ ਦੀ ਪਤਨੀ ਉਸ ਨੂੰ ਛੱਡ ਜਾਵੇਗੀ। ਉਸ ਨੇ ਹਾਲਾਤ ਹੀ ਅਜਿਹੇ ਪੈਦਾ ਕਰ ਦਿੱਤੇ ਕਿ ਪਤਨੀ ਤਿੰਨ ਧੀਆਂ ਵਿਚੋਂ ਅਖੀਰਲੀ ਦਾ ਵਿਆਹ ਹੁੰਦਿਆਂ ਹੀ ਛੱਡ ਗਈ ਅਤੇ ਪਤੀ ਹੁਣ ਪਾਗ਼ਲਖਾਨੇ ਵਿਚ ਹੈ।

ਬਹੁਤੇ ਲੋਕਾਂ ਨੂੰ ਪ੍ਰਦੂਸ਼ਣ ਦੇ ਅਰਥਾਂ ਵਾਂਗ ਤਣਾਓ ਦੇ ਅਰਥ ਹੀ ਸਪਸ਼ਟ ਨਹੀਂ ਹਨ ਜਿਸ ਕਾਰਨ ਉਹ ਆਪਣੇ ਰੋਗ ਨੂੰ ਵੱਖਰੇ-ਵੱਖਰੇ ਲੱਛਣਾਂ ਨਾਲ ਦੱਸਦੇ ਹਨ। ਕੀਮਤਾਂ ਦਾ ਵਧਣਾ ਤਣਾਓ ਉਪਜਾਉਂਦਾ ਹੈ। ਇਸ ਨਾਲ ਹਿੰਸਾ ਅਤੇ ਲੁੱਟਾਂ-ਖੋਹਾਂ ਵਧਦੀਆਂ ਹਨ। ਬੇਰੁਜ਼ਗਾਰੀ ਮੁਜਰਿਮ ਉਪਜਾਉਂਦੀ ਹੈ। ਭੈੜੀਆਂ ਖ਼ਬਰਾਂ ਜੀਵਨ ਦੀ ਤਸੱਲੀ ਘਟਾਉਂਦੀਆਂ ਹਨ। ਵਧ ਰਹੇ ਜੁਰਮਾਂ ਕਾਰਨ ਪੁਲੀਸ ਪ੍ਰੇਸ਼ਾਨ ਹੈ। ਵਿਦਿਆਰਥੀਆਂ ਵਾਸਤੇ ਦਾਖਲੇ ਤੋਂ ਰੁਜ਼ਗਾਰ ਤਕ ਦੇ ਹਰੇਕ ਪੜਾਓ 'ਤੇ ਤਣਾਓ ਹੈ। ਸੂਚਨਾ ਦੇ ਸਰੋਤਾਂ ਦੀ ਭਰਮਾਰ ਕਾਰਨ ਹਰ ਕਿਸੇ ਵਿਚ ਆਪਣੇ ਪਛੜ ਜਾਣ ਦਾ ਤਣਾਓ ਹੈ। ਪਰਿਵਰਤਨ ਦੇ ਦੌਰ ਵਿਚ ਪਰੰਪਰਕ ਜੀਵਨ-ਜਾਚ ਕਾਰਨ ਸਾਧਾਰਨ ਲੋਕ ਨਜ਼ਰ-ਅੰਦਾਜ਼ ਹੋ ਰਹੇ ਹਨ ਜਿਸ ਕਾਰਨ ਲੋਕਾਂ ਦੀ ਵੱਡੀ ਗਿਣਤੀ ਦੀ ਕਿਧਰੇ ਵਾਰੀ ਹੀ ਨਹੀਂ ਆਉਂਦੀ। ਕੁਝ ਵੀ ਕਰੋਗੇ, ਤਣਾਓ ਉਪਜੇਗਾ ਕਿਉਂਕਿ ਰੁਕਾਵਟਾਂ ਤਣਾਓ ਉਪਜਾਉਂਦੀਆਂ ਹਨ। ਜੇ ਕੁਝ ਨਹੀਂ ਕਰੋਗੇ ਤਾਂ ਵਧੇਰੇ ਤਣਾਓ ਉਪਜੇਗਾ। ਤਣਾਓ ਦਾ ਉਪਜਣਾ ਆਧੁਨਿਕ ਵਿਕਾਸ ਦਾ ਸਿੱਟਾ ਹੈ। ਹੋਰ ਵਿਕਾਸ ਵਾਪਰੇਗਾ, ਹੋਰ ਤਣਾਓ ਉਪਜੇਗਾ। ਹੁਣ ਤਾਂ ਸਥਿਤੀਆਂ ਵੀ ਤਣਾਓ ਉਪਜਾਉਂਦੀਆਂ ਹਨ। ਵਿਦੇਸ਼ ਜਾਣ ਦੀ ਸੰਭਾਵਨਾ, ਵਿਆਹ ਹੋਣ ਦਾ ਅਵਸਰ, ਰੁਜ਼ਗਾਰ ਲੱਗਣ ਦੀ ਸੂਚਨਾ ਆਦਿ ਸਥਿਤੀਆਂ ਤਾਂ ਸੁਖਾਵੀਆਂ ਹਨ, ਪਰ ਥੋੜ੍ਹੀ ਦੇਰ ਮਗਰੋਂ ਹੀ, ਵਧਾਈਆਂ ਮੁੱਕਣ ਉਪਰੰਤ ਹਰ ਕੋਈ ਗੋਤੇ ਖਾਣ ਲੱਗ ਪੈਂਦਾ ਹੈ।

ਤਣਾਓ ਦਾ ਭਾਰਤੀ ਸੰਕਲਪ ਪੱਛਮੀ ਸੰਕਲਪ ਨਾਲੋਂ ਵੱਖਰਾ ਹੈ। ਪੱਛਮੀ ਜੀਵਨ-ਜਾਚ ਵਿਚ ਤਣਾਓ ਦਾ ਸਵਾਗਤ ਹੈ। ਯੂਰੋਪ ਵਿਚ ਫੁੱਟਬਾਲ ਦੇ ਮੈਚ ਤਣਾਓ ਅਤੇ ਦਬਾਓ ਬਰਦਾਸ਼ਤ ਕਰਨ ਦੀ ਪਰਖ ਹੁੰਦੇ ਹਨ। ਜੇ ਜੀਵਨ ਵਿਚ ਚੁਣੌਤੀਆਂ ਨਾ ਹੋਣ ਤਾਂ ਇਹ ਉਪਜਾਈਆਂ ਜਾਂਦੀਆਂ ਹਨ। ਯੂਰੋਪ ਅਤੇ ਅਮਰੀਕਾ ਆਦਿ ਦੇਸ਼ਾਂ ਵਿਚ ਖੇਡਾਂ, ਨਵੇਂ ਧੰਦਿਆਂ, ਕਾਢਾਂ ਆਦਿ ਵਿਚ ਉਹੀ ਭਾਗ ਲੈਂਦੇ ਹਨ ਜਿਨ੍ਹਾਂ ਵਿਚ ਤਣਾਓ ਅਤੇ ਦਬਾਓ ਬਰਦਾਸ਼ਤ ਕਰਨ ਦੀ ਸਮਰੱਥਾ ਹੁੰਦੀ ਹੈ। ਸਾਰੇ ਵਿਸ਼ਵ ਰਿਕਾਰਡ ਅਧਿਕਤਮ ਦਬਾਓ ਅਤੇ ਉਚਤਮ ਤਣਾਓ ਵਿਚੋਂ ਗੁਜ਼ਰ ਕੇ ਹੀ ਸਥਾਪਤ ਕੀਤੇ ਗਏ ਹਨ। ਅਸੀਂ ਭਾਰਤੀ ਤਣਾਓ-ਦਬਾਓ ਤੋਂ ਬਹੁਤ ਡਰਦੇ ਹਾਂ। ਭਾਰਤੀ ਸਭਿਅਤਾ ਵਿਚ ਤਣਾਓ ਅਤੇ ਟਕਰਾਓ ਨੂੰ ਕਲੇਸ਼ ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਕਲੇਸ਼ ਦੁੱਖ ਉਪਜਾਉਂਦਾ ਹੈ, ਸੋ ਮਨ ਦੀ ਸ਼ਾਂਤੀ ਸਾਡਾ ਸਿਖਰਲਾ ਉਦੇਸ਼ ਹੈ। ਸਾਡੇ ਕੋਲ ਦੁੱਖ ਦਾ ਸੰਕਲਪ ਹੈ, ਤਣਾਓ-ਦਬਾਓ ਦਾ ਸੰਕਲਪ ਨਹੀਂ ਹੈ। ਸਾਡੇ ਗ੍ਰੰਥ ਮਨ ਨੂੰ ਸ਼ਾਂਤ ਕਰਨ ਦੇ ਉਦੇਸ਼ ਅਧੀਨ ਰਚੇ ਗਏ ਹਨ। ਬੁੱਧ ਅਨੁਸਾਰ ਹਰੇਕ ਚਿੰਤਾ ਜਾਂ ਤਣਾਓ ਦੀ ਜੜ੍ਹ ਇੱਛਾ ਵਿਚ ਹੈ। ਗੀਤਾ ਕਹਿੰਦੀ ਹੈ ਕਰਤੱਵ ਦੀ ਪਾਲਣਾ ਕਰੋ, ਫਲ ਦੀ ਇੱਛਾ ਨਾ ਕਰੋ ਜਦੋਂਕਿ ਬੁੱਧ ਕਹਿੰਦਾ ਹੈ ਕਿ ਇੱਛਾ ਹੀ ਨਾ ਕਰੋ। ਇਨ੍ਹਾਂ ਕਾਰਨਾਂ ਕਰਕੇ ਸੰਨਿਆਸ ਅਤੇ ਮੋਕਸ਼ ਸਾਡੇ ਆਦਰਸ਼ ਹਨ। ਸਾਡੇ ਧਰਮ ਤਿਆਗ 'ਤੇ ਬਲ ਦਿੰਦੇ ਹਨ, ਵਰਧਮਾਨ-ਮਹਾਂਵੀਰ ਵਾਲੇ ਸਮੁੱਚੇ ਤਿਆਗ ਉੱਤੇ। ਪੱਛਮੀ ਜੀਵਨ-ਆਦਰਸ਼ ਪ੍ਰਾਪਤੀ ਹੈ। ਉਹ ਸਭ ਤੋਂ ਲੰਮਾ ਪੁਲ, ਸਭ ਤੋਂ ਉੱਚੀ ਇਮਾਰਤ, ਸਭ ਤੋਂ ਵੱਡਾ ਜਹਾਜ਼ ਉਸਾਰਨ ਵਿਚ ਦਿਲਚਸਪੀ ਲੈਂਦੇ ਹਨ। ਸਾਡੇ ਜੀਵਨ ਦਾ ਪੱਛਮੀਕਰਨ ਅਤੇ ਵਿਸ਼ਵੀਕਰਨ ਸਾਡੇ ਤੋਂ ਮਨ ਦੀ ਸ਼ਾਂਤੀ ਖੋਹਣ ਲੱਗ ਪਿਆ ਹੈ ਜਿਸ ਕਾਰਨ ਚਿੰਤਾ ਅਤੇ ਤੌਖ਼ਲਾ ਸਾਡੀਆਂ ਮੁੱਖ ਸਮੱਸਿਆਵਾਂ ਬਣ ਗਈਆਂ ਹਨ। ਸਾਡੇ ਹਸਪਤਾਲਾਂ ਵਿਚ ਦਾਖਲ ਮਰੀਜ਼ ਟੁਰਨ-ਫਿਰਨ ਦਾ ਯਤਨ ਕਰਨ ਦੀ ਥਾਂ ਲੇਟੇ ਰਹਿਣ ਨੂੰ ਤਰਜੀਹ ਦਿੰਦੇ ਹਨ। ਸਾਡੀ ਖ਼ੁਰਾਕ ਵਿਚ ਸਰੀਰ ਨੂੰ ਤਾਕਤ ਦੇਣ ਵਾਲੇ ਤੱਤ ਨਾ ਹੋਣ ਕਾਰਨ ਅਸੀਂ ਜਲਦੀ ਥੱਕ ਜਾਂਦੇ ਹਾਂ। ਸਾਡੇ ਵਿਹਾਰ ਅਤੇ ਕਥਨਾਂ ਵਿਚ ਵੀ ਥਕਾਵਟ ਹੈ। ਆਪਣੇ ਤਣਾਓ ਨਾਲ ਨਜਿੱਠਣ ਦਾ ਹਰ ਕਿਸੇ ਦਾ ਨਿਵੇਕਲਾ ਢੰਗ ਹੰਦਾ ਹੈ, ਪਰ ਕੁਝ ਲੱਛਣ ਸਾਰਿਆਂ ਦੇ ਸਾਂਝੇ ਹੁੰਦੇ ਹਨ। ਜਿਵੇਂ ਜੇ ਹੜ੍ਹ ਆਇਆ ਹੋਵੇ ਤਾਂ ਹਰ ਕੋਈ ਵੱਖਰੀ ਕਿਸਮ ਦੇ ਉਪਰਾਲੇ ਕਰਦਾ ਹੈ, ਪਰ ਬਹੁਤੇ ਇਕੋ ਜਿਹੇ ਹੁੰਦੇ ਹਨ। ਕਈ ਵਾਰੀ ਤਣਾਓ ਦਬ ਜਾਂਦਾ ਹੈ, ਪਰ ਕੁਝ ਚਿਰ ਮਗਰੋਂ ਇਹ ਨਵਾਂ ਰੂਪ ਧਾਰ ਕੇ ਉਪਜਦਾ ਹੈ। ਪਹਿਲਾਂ ਸਿਰ ਹੀ ਦੁਖਦਾ ਹੈ, ਫਿਰ ਦੌਰੇ ਵੀ ਪੈਣ ਲੱਗ ਪੈਂਦੇ ਹਨ। ਭਾਵੁਕ ਉਲਝਣਾਂ, ਮਾਨਸਿਕ ਸਮੱਸਿਆਵਾਂ ਬਣ ਜਾਂਦੀਆਂ ਹਨ। ਇਕ ਪਤੀ ਨੇ ਵਿਆਹ ਉਪਰੰਤ ਮੁੱਢਲੇ ਦਿਨਾਂ ਵਿਚ ਪਤਨੀ ਨੂੰ ਕਿਹਾ ਕਿ ਤੂੰ ਸੋਹਣੀ ਨਹੀਂ, ਤੇਰੀ ਭੈਣ ਬੜੀ ਸੋਹਣੀ ਹੈ। ਇਹ ਗੱਲ ਕਹਿਣ ਕਰਕੇ ਪਤਨੀ ਉਸ ਨੂੰ ਮਰਨ ਤਕ ਤੰਗ ਕਰਦੀ ਰਹੀ। ਵਿਆਹ ਨਾ ਹੋਣਾ, ਬੱਚਾ ਨਾ ਹੋਣਾ, ਰੁਜ਼ਗਾਰ ਨਾ ਲੱਗਣਾ, ਪ੍ਰੀਖਿਆ ਵਿਚੋਂ ਪਾਸ ਨਾ ਹੋਣਾ ਖਹਿੜਾ ਛੱਡਣ ਵਾਲੀਆਂ ਸਮੱਸਿਆਵਾਂ ਨਹੀਂ। ਇਕ ਅਧਿਆਪਕ ਕਲਾਸ ਵਿਚ ਉਬਾਸੀਆਂ ਲੈਣ ਵਾਲਿਆਂ ਨੂੰ ਸਜ਼ਾ ਦਿੰਦਾ ਸੀ। ਉਸ ਨੂੰ ਕਦੇ ਵੀ ਖਿਆਲ ਨਾ ਆਇਆ ਕਿ ਉਸ ਦੇ ਪੜ੍ਹਾਉਣ ਦਾ ਢੰਗ ਇਤਨਾ ਨੀਰਸ ਅਤੇ ਅਕਾਊ ਸੀ ਕਿ ਵਿਦਿਆਰਥੀਆਂ ਦਾ ਦਿਮਾਗ਼ ਹੀ ਸੌਂ ਜਾਂਦਾ ਸੀ। ਇਕ ਡਾਕਟਰ ਮਰੀਜ਼ਾਂ ਨੂੰ ਇੰਨਾ ਡਰਾ ਦਿੰਦਾ ਸੀ ਕਿ ਉਸ ਦੇ ਮਰੀਜ਼ ਅਜੀਬ ਅਜੀਬ ਹਰਕਤਾਂ ਕਰਨ ਲੱਗ ਪੈਂਦੇ ਸਨ। ਜੇ ਸਮੱਸਿਆ ਦੀ ਪਛਾਣ ਹੋ ਜਾਵੇ, ਇਲਾਜ ਸਬੰਧੀ ਨਿਰਣਾ ਤੇ ਇਲਾਜ ਕਰਨਾ ਅਤੇ ਸਮੱਸਿਆ ਨੂੰ ਹੱਲ ਕਰਨਾ ਸੌਖਾ ਹੋ ਜਾਂਦਾ ਹੈ। ਕਿਸੇ ਮੁਸ਼ਕਿਲ ਦੀ ਸਮਝ ਨਾਲ ਹੀ ਉਸ ਦਾ ਹੱਲ ਨਿਕਲ ਆਉਂਦਾ ਹੈ। ਇਹ ਜਾਣਨਾ ਜ਼ਰੂਰੀ ਹੈ ਕਿ ਸਾਰੇ ਕੰਮ ਨਹੀਂ ਕੀਤੇ ਜਾ ਸਕਦੇ, ਪਰ ਸਾਰੇ ਜ਼ਰੂਰੀ ਕੰਮ ਕੀਤੇ ਜਾ ਸਕਦੇ ਹਨ।

ਸਾਡੇ ਦਬਾਵਾਂ-ਤਣਾਵਾਂ ਦੇ ਕਾਰਨ ਹੋਰ ਹਨ। ਗ਼ਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਪੌਸ਼ਟਿਕਤਾ ਦੀ ਘਾਟ, ਜਾਤ-ਪਾਤ ਆਧਾਰਿਤ ਪੱਖਪਾਤਾਂ ਕਾਰਨ ਅਤੇ ਇਸਤਰੀ ਦੀ ਸਮਾਜਿਕ ਸਥਿਤੀ ਕਾਰਨ ਅਸੀਂ ਆਧੁਨਿਕ ਸੰਸਾਰ ਵਿਚ ਰਹਿਣ ਦੇ ਯੋਗ ਹੀ ਨਹੀਂ। ਸ਼ਹਿਰਾਂ ਵਿਚ ਰਹਿਣ ਵਾਲੇ ਸਰਕਾਰੀ ਨੌਕਰੀ ਕਰਨ ਵਾਲੇ ਲੋਕ ਵਸੋਂ ਦੀ ਵੱਡੀ ਗਿਣਤੀ ਦੀਆਂ ਸਮੱਸਿਆਵਾਂ ਸਮਝਣ ਤੋਂ ਹੀ ਇਨਕਾਰੀ ਹਨ। ਸਾਡੇ ਵਿਹਾਰ ਨੂੰ ਕਈ ਪੱਖ ਸਿੱਧੇ ਅਤੇ ਬਹੁਤੇ ਅਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ। ਉਦਾਹਰਣ ਵਜੋਂ: ਪੰਜਾਬ ਵਿਚ ਟਰੱਕਾਂ ਦੇ ਟਾਇਰ ਭਾਰਤ ਦੇ ਕਿਸੇ ਵੀ ਹੋਰ ਰਾਜ ਦੇ ਮੁਕਾਬਲੇ ਵਧੇਰੇ ਵਿਕਦੇ ਹਨ। ਕਾਰਨ ਇਹ ਨਹੀਂ ਕਿ ਇੱਥੇ ਟਰੱਕ ਵਧੇਰੇ ਹਨ, ਕਾਰਨ ਇਹ ਹੈ ਕਿ ਸਾਡੇ ਟਰੱਕਾਂ ਵਿਚ ਲਗਪਗ ਤਿਗੁਣਾ ਭਾਰ ਢੋਇਆ ਜਾਂਦਾ ਹੈ ਜਿਸ ਨਾਲ ਟਾਇਰ ਜਲਦੀ ਘਸਦੇ ਹਨ। ਸੜਕਾਂ ਜਲਦੀ ਖਰਾਬ ਹੁੰਦੀਆਂ ਹਨ, ਹਾਦਸੇ ਵਧੇਰੇ ਵਾਪਰਦੇ ਹਨ। ਥੱਕੇ ਹੋਏ ਉਨੀਂਦਰੇ ਡਰਾਈਵਰ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਕੇ ਨਸ਼ੇ ਵਧੇਰੇ ਕਰਨ ਕਰਕੇ ਭੈੜਾ ਵਿਹਾਰ ਕਰਦੇ ਹਨ ਅਤੇ ਤਣਾਓ-ਦਬਾਓ ਦੇ ਸ਼ਿਕਾਰ ਹੀ ਨਹੀਂ ਹੁੰਦੇ, ਹੋਰਾਂ ਲਈ ਵੀ ਤਣਾਓ ਉਪਜਾਉਂਦੇ ਹਨ। ਹਰੇਕ ਚੀਜ਼ ਨੂੰ ਮਾਪਣ ਦਾ ਪੈਮਾਨਾ ਪੈਸਾ ਬਣ ਜਾਣ ਕਰਕੇ ਹੋਰਾਂ ਨਾਲੋਂ ਅੱਗੇ ਲੰਘਣ ਦੀ ਦੌੜ ਤਣਾਓ ਉਪਜਾਉਂਦੀ ਹੈ। ਰਿਸ਼ਤਿਆਂ ਦੀ ਥਾਂ ਵਸਤਾਂ ਮਹੱਤਵਪੂਰਨ ਹੋ ਗਈਆਂ ਹਨ। ਸਾਡਾ ਖਾਣ-ਪੀਣ ਵੀ ਹਿੰਸਕ ਭਾਵ ਉਪਜਾਉਂਦਾ ਹੈ। ਪੰਜਾਬ ਵਿਚ ਪੰਜ ਪ੍ਰਤੀਸ਼ਤ ਵਿਅਕਤੀ ਵੀ ਆਪਣੀ ਸਿਹਤ ਪ੍ਰਤੀ ਸੁਚੇਤ ਨਹੀਂ। ਮਾਸ ਖਾਣ ਵਾਲੇ ਸਮੂਹ ਭੁਲੇਖੇਵੱਸ ਆਪਣੇ ਆਪ ਨੂੰ ਬਹਾਦਰ ਸਮਝਦੇ ਹਨ ਜਦੋਂਕਿ ਅਸਲ ਵਿਚ ਇਹ ਲੜਾਕੇ ਹਨ। ਬਹਾਦਰ ਵਿਅਕਤੀ ਦਾ ਆਪਣੇ ਭਾਵਾਂ ਅਤੇ ਸ਼ਕਤੀ ਉੱਤੇ ਨਿਯੰਤਰਣ ਹੁੰਦਾ ਹੈ, ਲੜਾਕਾ ਵਿਅਕਤੀ ਭਾਵੁਕਤਾ ਅਧੀਨ ਹਿੰਸਾ ਕਰਦਾ ਹੈ। ਗੱਡੀ ਦਾ ਲੇਟ ਹੋਣਾ, ਬੱਚੇ ਦੀ ਸਕੂਲ ਵਿਚੋਂ ਵਾਪਸੀ ਵਿਚ ਦੇਰ ਹੋਣੀ, ਕਈ ਮਹੀਨੇ ਤਨਖ਼ਾਹ ਨਾ ਮਿਲਣੀ ਆਦਿ ਜਿਹੀਆਂ ਨਿਤਾਪ੍ਰਤੀ ਦੀਆਂ ਸਮੱਸਿਆਵਾਂ ਵੀ ਤਣਾਓ ਉਪਜਾਉਂਦੀਆਂ ਹਨ। ਨੌਕਰੀ ਤੋਂ ਜਵਾਬ, ਤਲਾਕ, ਜੀਵਨ ਸਾਥੀ ਦਾ ਵਿਛੋੜਾ, ਸੇਵਾਮੁਕਤੀ ਆਦਿ ਸਥਿਤੀ ਗੰਭੀਰ ਤਣਾਓ ਉਪਜਾਉਂਦੀ ਹੈ ਜਿਸ ਕਾਰਨ ਵਿਅਕਤੀ ਦਾ ਵਿਹਾਰ ਪ੍ਰਭਾਵਿਤ ਹੁੰਦਾ ਹੈ।



## ਮਿੰਨੀ ਕਹਾਣੀਆਂ

### ਸੇਬ ਵੇਚਣ ਵਾਲਾ

ਅੱਜ ਸਵੇਰੇ ਜਦੋਂ ਮੇਰੀ ਪਤਨੀ ਮੈਨੂੰ ਚਾਹ ਦੇਣ ਆਈ, ਤਾਂ ਮੈਂ ਉਸ ਨੂੰ ਆਖਿਆ,"ਅੱਜ ਐਤਵਾਰ ਆ। ਅੱਜ ਘਰ ਵੀ ਕੋਈ ਕੰਮ ਨਹੀਂ।ਮੈਨੂੰ ਪਿੰਡ ਗਏ ਨੂੰ ਛੇ- ਸੱਤ ਮਹੀਨੇ ਹੋ ਗਏ ਆ।ਅੱਜ ਕਿਉਂ ਨਾ ਮੈਂ ਪਿੰਡ ਜਾ ਕੇ ਵੱਡੇ ਭਰਾ ਤੇ ਉਸ ਦੇ ਬੱਚਿਆਂ ਨੂੰ ਮਿਲ ਆਵਾ ?"

" ਮੈਂ ਤਾਂ ਕੁਝ ਨਹੀਂ ਕਹਿੰਦੀ।ਜੇ ਤੁਸੀਂ ਪਿੰਡ ਜਾਣਾ ਚਾਹੁੰਦੇ ਹੋ , ਤਾਂ ਜਾ ਆਉ।" ਮੇਰੀ ਪਤਨੀ ਨੇ ਮੈਨੂੰ ਆਖਿਆ।

ਮੈਂ ਛੇਤੀ ਨਾਲ ਉੱਠ ਕੇ ਇਸ਼ਨਾਨ ਕਰਕੇ ਕੱਪੜੇ ਪਾਏ ਅਤੇ ਨਾਸ਼ਤਾ ਕਰਕੇ ਲੁਧਿਆਣੇ ਦੇ ਬੱਸ ਸਟੈਂਡ ਤੇ ਪਹੁੰਚ ਗਿਆ।ਛੇਤੀ ਹੀ ਮੈਨੂੰ ਨਵਾਂਸ਼ਹਿਰ ਜਾਣ ਵਾਲੀ ਬੱਸ ਮਿਲ ਗਈ।ਡੇਢ ਘੰਟੇ ਪਿੱਛੋਂ ਬੱਸ ਨਵਾਂਸ਼ਹਿਰ ਦੇ ਬੱਸ ਸਟੈਂਡ ਤੇ ਪਹੁੰਚ ਗਈ।ਮੈਂ ਬੱਸ ਤੋਂ ਉੱਤਰ ਕੇ ਬੱਸ ਸਟੈਂਡ ਤੋਂ ਬਾਹਰ ਆ ਕੇ ਸੇਬਾਂ ਵਾਲੀ ਰੇਹੜੀ ਕੋਲ ਰੁਕ ਗਿਆ ਅਤੇ ਸੇਬ ਵੇਚਣ ਵਾਲੇ ਨੂੰ ਪੁੱਛਿਆ,"ਸੇਬ ਕਿੱਦਾਂ ਕਿਲੋ ਆ ?"

"ਵੈਸੇ ੮੦ ਰੁਪਏ ਵੇਚੀ ਦੇ ਆ।ਚੱਲੋ ਤੁਹਾਨੂੰ ੭੫/-ਰੁ.ਲਗਾ ਦਿੰਦੇ ਹਾਂ।" ਸੇਬ ਵੇਚਣ ਵਾਲੇ ਨੇ ਕਿਹਾ।

"ਚੱਲ ਫਿਰ ੨ ਕਿਲੋ ਦੇ ਦੇ।" ਮੈਂ ਕਿਹਾ। ਉਸ ਨੇ ਕਾਲਾ ਲਿਫਾਫਾ ਲਿਆ ਤੇ ਉਸ ਵਿੱਚ ਸੇਬ ਪਾਉਣ ਹੀ ਲੱਗਾ ਸੀ ਕਿ ਮੈਂ ਲਿਫਾਫਾ ਉਸ ਤੋਂ ਫੜ ਲਿਆ ਅਤੇ ਛਾਂਟ-ਛਾਂਟ ਕੇ ਵਧੀਆ ਸੇਬ ਉਸ ਵਿੱਚ ਪਾਉਣ ਲੱਗਾ। " ਲੈ ਬਈ ਕਿੰਨੇ ਹੋ ਗਏ ਆ ?" ਮੈਂ ਸੇਬਾਂ ਵਾਲਾ ਲਿਫਾਫਾ ਉਸ ਨੂੰ ਫੜਾਂਦਿਆਂ ਕਿਹਾ। ਉਹ ਸੇਬ ਜੋਖਣ ਲੱਗ ਪਿਆ ਤੇ ਮੈਂ ਆਪਣਾ ਬਟੂਆ ਕੱਢ ਕੇ ਉਸ ਵਿੱਚੋਂ ਇੱਕ ੧੦੦/-ਰੁ ਅਤੇ ਇੱਕ ੫੦ਰੁ.ਦਾ ਨੋਟ ਲੱਭਣ ਲੱਗ ਪਿਆ।ਉਸ ਨੇ ਦੋ ਕਿਲੋ ਸੇਬ ਜੋਖ ਕੇ ਕਾਲੇ ਲਿਫਾਫੇ ਨੂੰ ੨,੩ ਗੰਢਾਂ ਮਾਰ ਕੇ ਲਿਫਾਫਾ ਮੇਰੇ ਹੱਥ ਫੜਾ ਦਿੱਤਾ ਤੇ ਮੈਂ ਉਸ ਨੂੰ ਇੱਕ ੧੦੦ ਰੁ. ਦਾ ਤੇ ਇੱਕ ੫੦ ਰੁ. ਦਾ ਨੋਟ ਫੜਾ ਦਿੱਤਾ।ਮੈਂ ਸੇਬਾਂ ਵਾਲੇ ਲਿਫਾਫੇ ਨੂੰ ਹੱਥ ਵਿੱਚ ਫੜ ਕੇ ਪਿੰਡ ਨੂੰ ਜਾਣ ਵਾਲੀ ਮਿੰਨੀ ਬੱਸ ਵਿੱਚ ਬੈਠ ਗਿਆ।ਛੇਤੀ ਹੀ ਮਿੰਨੀ ਬੱਸ ਚੱਲ ਪਈ ਅਤੇ ਵੀਹ ਮਿੰਟ ਵਿੱਚ ਸਾਡੇ ਪਿੰਡ ਪਹੁੰਚ ਗਈ।ਮੈਂ ਮਿੰਨੀ ਬੱਸ ਵਿੱਚੋਂ ਉੱਤਰ ਕੇ ਆਪਣੇ ਵੱਡੇ ਭਰਾ ਦੇ ਘਰ ਵੱਲ ਨੂੰ ਤੁਰ ਪਿਆ।ਘਰ ਪਹੁੰਚ ਕੇ ਮੈਂ ਲਿਫਾਫਾ ਆਪਣੇ ਭਤੀਜੇ ਦੇ ਹੱਥ ਫੜਾ ਦਿੱਤਾ ਅਤੇ ਆਪ ਵੱਡੇ ਭਰਾ ਤੇ ਭਰਜਾਈ ਕੋਲ ਉਹਨਾਂ ਦਾ ਹਾਲ-ਚਾਲ ਪੁੱਛਣ ਲਈ ਬੈਠ ਗਿਆ।ਇੰਨੇ ਚਿਰ ਨੂੰ ਮੇਰੇ ਭਤੀਜੇ ਨੇ ਸੇਬਾਂ ਵਾਲੇ ਲਿਫਾਫੇ ਦੀਆਂ ਗੰਢਾਂ ਖੋਲ੍ਹ ਦਿੱਤੀਆਂ ਤੇ ਸਾਰੇ ਸੇਬ ਲਿਫਾਫੇ ਵਿੱਚੋਂ ਕੱਢ ਕੇ ਸਾਮ੍ਹਣੇ ਪਏ ਮੇਜ਼ ਤੇ ਰੱਖ ਦਿੱਤੇ। ਮੈਂ ਦੇਖਿਆ ਸਾਰੇ ਸੇਬਾਂ ਵਿੱਚੋਂ ਤਿੰਨ ਸੇਬ ਹੀ ਵਧੀਆ ਸਨ ਅਤੇ ਬਾਕੀ ਸਾਰੇ ਗਲੇ ਹੋਏ ਸਨ।ਮੈਂ ਸੇਬ ਵੇਚਣ ਵਾਲੇ ਵੱਲੋਂ ਲਿਫਾਫਾ ਬਦਲਾਏ ਜਾਣ ਤੇ ਹੈਰਾਨ ਸਾਂ।ਮੈਂ ਸੋਚ ਰਿਹਾਂ ਸਾਂ ਕਿ ਇਹ ਤਾਂ ਮੇਰਾ ਆਪਣਾ ਘਰ ਸੀ, ਭਲਾ ਜੇਕਰ ਮੈਂ ਕਿਸੇ ਹੋਰ ਥਾਂ ਇਹੀ ਸੇਬ ਲੈ ਕੇ ਗਿਆ ਹੁੰਦਾ, ਤਾਂ ਮੇਰਾ ਕੀ ਬਣਦਾ ?

### ਸਹੀ ਫੈਸਲਾ

"ਭਾਅ ਜੀ, ਤੁਹਾਡੇ ਭਾਣਜੇ ਦਾ ਵਿਆਹ ਅਗਲੇ ਮਹੀਨੇ ਆਉਣ ਨੂੰ ਫਿਰਦਾ।ਤੁਹਾਡਾ ਭਾਣਜਾ ਕਿਸੇ ਗਾਇਕ ਜੋੜੀ ਨੂੰ ਵਿਆਹ ਲਈ ਬੁੱਕ ਕਰਵਾਉਣ ਲਈ ਕਹਿੰਦਾ ਆ।ਤੁਹਾਡੇ ਨਾਲ ਜਿਹੜੀ ਰੋਪੜ ਵਾਲੀ ਮੈਡਮ ਪੜ੍ਹਾਉਂਦੀ ਆ,ਉਸ ਦੀ ਸਹੇਲੀ ਵੀ ਵਧੀਆ ਗਾ ਲੈਂਦੀ ਆ।ਪਿਛਲੇ ਸਾਲ ਉਹ ਸਾਡੇ ਪਿੰਡ ਦੌਲਤਪੁਰ ਆਪਣੇ ਗਾਇਕ ਸਾਥੀ ਨਾਲ ਵਿਆਹ ਤੇ ਆਈ ਸੀ।ਉਦੋਂ ਉਸ ਦਾ ਰੇਟ ਚਾਲੀ ਹਜ਼ਾਰ ਰੁਪਏ ਸੀ।ਹੁਣ ਉਸ ਦਾ ਰੇਟ ਪੁੱਛ ਕੇ ਦੱਸਿਓ।" ਮਨਜੀਤ ਨੇ ਟੈਲੀਫੋਨ ਤੇ ਆਪਣੇ ਮਾਸਟਰ ਵੀਰ ਕੁਲਵਿੰਦਰ ਸਿੰਘ ਨੂੰ ਕਿਹਾ।"ਅੱਛਾ ਭੈਣ ਮੈਂ ਮੈਡਮ ਤੋਂ ਹੁਣੇ ਪੁੱਛ ਕੇ ਦੱਸਦਾਂ।" ਮਨਜੀਤ ਦੇ ਮਾਸਟਰ ਵੀਰ ਕੁਲਵਿੰਦਰ ਸਿੰਘ ਨੇ ਅੱਗੋਂ ਜਵਾਬ ਦਿੱਤਾ।ਮਾਸਟਰ ਕੁਲਵਿੰਦਰ ਸਿੰਘ ਨੇ ਮੈਡਮ ਨੂੰ ਟੈਲੀਫੋਨ ਕਰਕੇ ਆਖਿਆ "ਮੈਡਮ ਜੀ, ਆਪਣੀ ਰੋਪੜ ਵਾਲੀ ਗਾਇਕ ਸਹੇਲੀ ਨੂੰ ਪੁੱਛਿਓ ਕਿ ਉਸ ਦਾ ਅੱਜ-ਕੱਲ੍ਹ ਵਿਆਹ ਵਿੱਚ ਗਾਣ ਦਾ ਕੀ ਰੇਟ ਐ।" ਮੈਡਮ ਨੇ ਆਪਣੀ ਗਾਇਕ ਸਹੇਲੀ ਨੂੰ ਟੈਲੀਫੋਨ ਕਰਕੇ ਪਹਿਲਾਂ ਉਸ ਦਾ ਹਾਲ ਚਾਲ ਪੁੱਛਿਆ ਤੇ ਫਿਰ ਵਿਆਹ ਵਿੱਚ ਗਾਉਣ ਦਾ ਰੇਟ ਪੁੱਛਿਆ।ਮੈਡਮ ਦੀ ਗਾਇਕ ਸਹੇਲੀ ਨੇ ਅੱਗੋਂ ਜਵਾਬ ਦਿੱਤਾ "ਭੈਣੇ ਅੱਜ-ਕੱਲ੍ਹ ਸਾਡਾ ਵਿਆਹ ਵਿੱਚ ਗਾਉਣ ਦਾ ਰੇਟ ਇੱਕ ਲੱਖ ਚਾਲੀ ਹਜ਼ਾਰ ਹੈ।ਤੇਰੇ ਕਰਕੇ ਪੰਦਰਾਂ,ਵੀਹ ਹਜ਼ਾਰ ਘੱਟ ਕਰ ਲਵਾਂਗੇ।" ਜਦੋਂ ਮਾਸਟਰ ਕੁਲਵਿੰਦਰ ਸਿੰਘ ਨੇ ਆਪਣੀ ਭੈਣ ਨੂੰ ਰੇਟ ਬਾਰੇ ਦੱਸਿਆ ਤਾਂ ਉਹ ਬੋਲੀ "ਭਾਅ ਜੀ ਅਸੀਂ ਏਨੀ ਮਹਿੰਗੀ ਗਾਇਕ ਜੋੜੀ ਕੀ ਕਰਨੀ ਆਂ।ਇੱਥੋਂ ਕੋਈ ਲੋਕਲ ਗਾਇਕ ਵਿਆਹ ਵਿੱਚ ਗਾਉਣ ਲਈ ਲੈ ਚਲਾਂਗੇ।ਪੰਦਰਾਂ,ਵੀਹ ਹਜ਼ਾਰ ਲੈ ਕੇ ਉਸ ਨੇ ਮੰਨ ਜਾਣਾ।ਬਾਕੀ ਇੱਕ ਲੱਖ ਦੇ ਨੂੰਹ ਨੂੰ ਗਹਿਣੇ ਪਾ ਦਿਆਂਗੇ।ਨਾਲੇ ਨੂੰਹ ਵੀ ਖੁਸ਼ ਹੋ ਜਾਊਗੀ।"

### ਮੁਫਤ ਦੇ ਪੈਸੇ

ਪਿੰਡ ਦੇ ਗੁਰਦੁਆਰੇ ਤੋਂ ਇਹ ਅਨਾਊਂਸਮੈਂਟ ਕੀਤੀ ਜਾ ਰਹੀ ਸੀ, "ਅੱਜ ਪਿੰਡ ਦੇ ਸੁਸਾਇਟੀ ਬੈਂਕ ਵਿੱਚ ੧੦ ਵਜੇ ਬੁਢਾਪਾ ਪੈਨਸ਼ਨ ਦੇ ਫਾਰਮ ਭਰੇ ਜਾਣੇ ਨੇ। ਜਿਸ ਔਰਤ ਦੀ ਉਮਰ ੬੦ ਸਾਲ ਅਤੇ ਜਿਸ ਪੁਰਸ਼ ਦੀ ਉਮਰ ੬੫ ਸਾਲ ਹੋਵੇ,ਉਸ ਦਾ ਹੀ ਪੈਨਸ਼ਨ ਦਾ ਫਾਰਮ ਭਰਿਆ ਜਾਣਾ ਹੈ। ਲੋੜਵੰਦ ਵਿਅਕਤੀ ਠੀਕ ੧੦ ਵਜੇ ਸੁਸਾਇਟੀ ਬੈਂਕ ਵਿੱਚ ਪਹੁੰਚ ਜਾਣ।" ਇਹ ਅਨਾਊਂਸਮੈਂਟ ਖਤਮ ਹੋਈ ਹੀ ਸੀ ਕਿ ਮੇਰੇ ਘਰ ਦਾ ਗੇਟ ਕਿਸੇ ਨੇ ਆ ਖੜਕਾਇਆ। ਮੈਂ ਗੇਟ ਕੋਲ ਜਾ ਕੇ ਵੇਖਿਆ ਕਿ ਮੇਰਾ ਗੁਆਂਢੀ ਗੇਟ ਖੜਕਾ ਰਿਹਾ ਸੀ। ਮੈਨੂੰ ਵੇਖ ਕੇ ਉਹ ਬੋਲਿਆ, "ਮਾਸਟਰ ਜੀ, ਤੁਹਾਡਾ ਡੈਡੀ ਕਿੱਥੇ ਆ ?" "ਕਿਉਂ ਕੀ ਗੱਲ ?" ਮੈਂ ਪੁੱਛਿਆ। "ਤੁਸੀਂ ਹੁਣੇ ਗੁਰਦੁਆਰੇ ਤੋਂ ਅਨਾਊਂਸਮੈਂਟ ਨ੍ਹੀ ਸੁਣੀ ?" "ਹਾਂ ਸੁਣੀ ਆਂ।" "ਭੇਜੋ ਆਪਣੇ ਡੈਡੀ ਨੂੰ ਮੇਰੇ ਨਾਲ।ਪੈਨਸ਼ਨ ਦੇ ਫਾਰਮ ਭਰਵਾ ਆਈਏ।" ਮੈਂ ਆਪਣੇ ਗੁਆਂਢੀ ਨੂੰ ਗਹੁ ਨਾਲ ਵੇਖਿਆ, ਜਿਸ ਦੀ ਉਮਰ ਮਸਾਂ ੬੦ ਕੁ ਸਾਲ ਸੀ ਅਤੇ ਕਿਹਾ, "ਮੈਂ ਆਪਣੇ ਡੈਡੀ ਨੂੰ ਪੈਨਸ਼ਨ ਨ੍ਹੀ ਲਗਵਾਉਣੀ। ਮੈਂ ਉਸ ਦੀ ਦੇਖ ਭਾਲ ਲਈ ਬਥੇਰਾ ਹਾਂ।ਪਰ ਤੇਰੀ ਉਮਰ ਤਾਂ ਮਸਾਂ ੬੦ ਕੁ ਸਾਲ ਦੀ ਆ। ਤੈਨੂੰ ਪੈਨਸ਼ਨ ਲੱਗ ਨ੍ਹੀ ਸਕਦੀ।" "ਮਾਸਟਰ ਜੀ, ਮੈਂ ਆਪਣੇ ਆਧਾਰ ਕਾਰਡ ਵਿੱਚ ਉਮਰ ਪਹਿਲਾਂ ਹੀ ੧੦ ਸਾਲ ਵੱਧ ਲਿਖਾਈ ਹੋਈ ਆ। ਨਾਲੇ ਮੁਫਤ ਦੇ ਪੈਸੇ ਆ। ਹੋਰ ਨ੍ਹੀ ਕੁਛ ਤਾਂ ਚਾਹ, ਪਾਣੀ ਹੀ ਚੱਲਿਆ ਰਹੂ।" ਇਹ ਕਹਿ ਕੇ ਮੇਰਾ ਗੁਆਂਢੀ ਛੇਤੀ ਨਾਲ ਸੁਸਾਇਟੀ ਬੈਂਕ ਵੱਲ ਨੂੰ ਤੁਰ ਪਿਆ।

**ਮਹਿੰਦਰ ਸਿੰਘ ਮਾਨ**
**ਪਿੰਡ ਤੇ ਡਾਕ ਰੱਕੜਾਂ ਢਾਹਾ**
**(ਸ਼.ਭ.ਸ.ਨਗਰ)9915803554**

